HEAL-COVID

# ਹੀਲ-ਕੋਵਿਡ ਲਈ ਪ੍ਰਤੀਭਾਗੀ ਜਾਣਕਾਰੀ ਸ਼ੀਟ

- ਤੁਹਾਨੂੰ ਇਕ ਖੋਜ ਅਧਿਐਨ ਵਿਚ ਭਾਗ ਲੈਣ ਲਈ ਸੱਦਾ ਦਿੱਤਾ ਗਿਆ ਹੈ। ਤੁਹਾਡੇ ਦੁਆਰਾ ਨਿਰਣਾ ਲੈਣ ਤੋਂ ਪਹਿਲਾਂ, ਇਹ ਮਹੱਤਵਪੂਰਨ ਹੈ ਕਿ ਤੁਸੀਂ ਸਮਝਦੇ ਹੋ ਕਿ ਖੋਜ ਕਿਉਂ ਕੀਤੀ ਜਾ ਰਹੀ ਹੈ ਅਤੇ ਇਸ ਵਿਚ ਕੀ ਕੁਝ ਸ਼ਾਮਲ ਹੋਏਗਾ।
- ਜੇ ਕੋਈ ਚੀਜ਼ ਸਪੱਸ਼ਟ ਨਹੀਂ ਹੈ, ਜਾਂ ਜੇ ਤੁਹਾਨੂੰ ਹੋਰ ਜਾਣਕਾਰੀ ਚਾਹੀਦੀ ਹੈ ਤਾਂ ਤੁਸੀਂ ਆਪਣੀ ਕਲੀਨਿਕਲ ਟੀਮ ਦੇ ਕਿਸੇ ਮੈਂਬਰ ਨੂੰ ਪੁੱਛ ਸਕਦੇ ਹੋ।
- ਭਾਗ ਲੈਣਾ ਇੱਛੁਕ ਹੈ। ਜੇ ਤੁਸੀਂ ਭਾਗ ਲੈਣ ਦੇ ਇਛੁੱਕ ਨਹੀਂ ਹੋ, ਤਾਂ ਤੁਹਾਨੂੰ ਇਸਦਾ ਕਾਰਨ ਦੱਸਣ ਦੀ ਜ਼ਰੂਰਤ ਨਹੀਂ ਹੈ।
- ਹੀਲ-ਕੋਵਿਡ, ਕੋਵਿਡ-19 ਦੇ ਦੀਰਘ-ਕਾਲੀਨ ਪ੍ਰਭਾਵਾਂ, ਜਿਸਨੂੰ "ਲੰਬੇ ਸਮੇਂ ਦਾ ਕੋਵਿਡ" ਵੀ ਕਿਹਾ ਜਾਂਦਾ ਹੈ, ਦੇ ਇਲਾਜਾਂ ਦੀ ਤੁਲਨਾ ਕਰਨ ਲਈ ਇਕ ਵੱਡਾ ਰਾਸ਼ਟਰੀ ਅਧਿਐਨ ਹੈ।
- ਅਸੀਂ ਪੂਰੇ ਯੂ ਕੇ (UK) ਤੋਂ ਉਨ੍ਹਾਂ ਲੋਕਾਂ ਨੂੰ ਭਾਗ ਲੈਣ ਲਈ ਸੱਦਾ ਦੇ ਰਹੇ ਹਾਂ ਜਿਨ੍ਹਾਂ ਨੂੰ ਕੋਵਿਡ-19 ਹੋਣ ਦੇ ਬਾਅਦ ਹਸਪਤਾਲ ਛੁੱਟੀ ਮਿਲਣ ਵਾਲੀ ਹੈ। ਉਹ ਲੋਕ ਜੋ ਭਾਗ ਲੈਂਦੇ ਹਨ ਉਹ ਕੁੱਲ 12 ਮਹੀਨਿਆਂ ਲਈ ਟਰਾਇਲ ਵਿਚ ਸ਼ਾਮਲ ਰਹਿਣਗੇ।

ਜੇ ਤੁਸੀਂ ਇਸ ਅਧਿਐਨ ਬਾਰੇ ਆਪਣੀ ਸਥਾਨਕ ਖੋਜ ਟੀਮ ਦੇ ਨਾਲ ਹੋਰ ਚੁਰਚਾ ਕਰਨੀ ਚਾਹੁੰਦੇ ਹੋ ਤਾਂ ਕਿਰਪਾ ਕਰਕੇ ਇਨ੍ਹਾਂ ਨਾਲ ਗੱਲ ਕਰੋ:

**ਨਾਮ:** <PI/RN Name>

**ਸੰਪਰਕ ਨੰਬਰ:** <PI/RN Number>

## ਅਸੀਂ ਹੀਲ-ਕੋਵਿਡ ਅਧਿਐਨ ਕਿਉਂ ਕਰ ਰਹੇ ਹਾਂ?

ਕੋਵਿਡ-19 ਇਕ ਬਿਮਾਰੀ ਹੈ ਜੋ SARS-CoV-2 ਵੱਜੋਂ ਜਾਣੇ ਜਾਂਦੇ ਇਕ ਵਿਸ਼ਾਣੂੰ ਦੇ ਕਾਰਨ ਹੁੰਦੀ ਹੈ, ਇਹ ਕੇਵਲ ਫੇਫੜਿਆਂ ਨੂੰ ਹੀ ਪ੍ਰਭਾਵਿਤ ਨਹੀਂ ਕਰਦੀ ਸਗੋਂ ਦਿਲ, ਗੁਰਦੇ ਅਤੇ ਖੂਨ ਦੇ ਪਾਤਰਾਂ ਵਰਗੇ ਹੋਰ ਅੰਗਾਂ ਨੂੰ ਵੀ ਪ੍ਰਭਾਵਿਤ ਕਰਦੀ ਹੈ। ਹਾਲ ਹੀ ਵਿਚ, ਅਸੀਂ ਉਨ੍ਹਾਂ ਲੋਕਾਂ ਬਾਰੇ ਜਾਣਿਆ ਹੈ ਜੋ ਕੋਵਿਡ-19 ਨਾਲ ਬਿਮਾਰ ਸਨ ਅਤੇ ਜਿਨ੍ਹਾਂ ਨੂੰ ਹਸਪਤਾਲ ਤੋਂ ਛੁੱਟੀ ਮਿਲਣ ਦੇ ਬਾਅਦ ਨਵੇਂ ਜਾਂ ਹੋਰ ਖਰਾਬ ਲੱਛਣ ਵਿਕਸਿਤ ਹੋ ਗਏ - ਇਸਨੂੰ ਅਕਸਰ "ਲੰਬੇ ਸਮੇਂ ਦਾ ਕੋਵਿਡ" ਕਿਹਾ ਜਾਂਦਾ ਹੈ। ਇਹ ਸਮਝਿਆ ਜਾਂਦਾ ਹੈ ਕਿ ਲੰਬੇ ਸਮੇਂ ਵਾਲੇ ਕੋਵਿਡ ਵਿਚ ਕਈ ਤਰ੍ਹਾਂ ਦੀਆਂ ਹਾਲਤਾਂ ਦਾ ਮਿਸ਼ਰਣ ਹੁੰਦਾ ਹੈ ਅਤੇ ਕੋਵਿਡ-19 ਵਾਲੇ 5 ਮਰੀਜ਼ਾਂ ਵਿਚੋਂ ਤਕਰੀਬਨ 1 ਅਜਿਹੇ ਲੱਛਣਾਂ ਨੂੰ ਵਿਕਸਤ ਕਰਦਾ ਹੈ ਜਿਨ੍ਹਾਂ ਨੂੰ ਮੌਜੂਦਾ ਸਮੇਂ ਲੰਬੇ ਸਮੇਂ ਵਾਲੇ ਕੋਵਿਡ ਨਾਲ ਜੋੜਿਆ ਜਾਂਦਾ ਹੈ।

ਇਹ ਉਨ੍ਹਾਂ ਗੰਭੀਰ ਹਾਲਤਾਂ ਦਾ ਸਮੂਹ ਹੈ ਜਿਸ ਦੇ ਕਾਰਨ ਕੁਝ ਲੋਕਾਂ ਨੂੰ ਮੌਤ ਹੋ ਸਕਦੀ ਹੈ ਅਤੇ ਅਸਮਰੱਥਤਾ ਹੋ ਸਕਦੀ ਹੈ।

ਲੰਬੇ ਸਮੇਂ ਵਾਲੇ ਕੋਵਿਡ ਨੂੰ ਚੰਗੀ ਤਰ੍ਹਾਂ ਸਮਝਿਆ ਨਹੀਂ ਗਿਆ ਹੈ। ਸਾਨੂੰ ਅਜੇ ਨਹੀਂ ਪਤਾ ਕਿ ਇਸਦੀ ਰੋਕਥਾਮ ਅਤੇ ਇਲਾਜ ਲਈ ਕਿਹੜੇ ਇਲਾਜ ਸਭ ਤੋਂ ਵਧੀਆ ਹਨ। ਇੱਥੇ ਆਮ ਤੌਰ 'ਤੇ ਵਰਤੀਆਂ ਜਾਂਦੀਆਂ ਕਈ ਦਵਾਈਆਂ ਹਨ ਜੋ ਲੰਬੇ ਸਮੇਂ ਵਾਲੇ ਕੋਵਿਡ ਵਾਲੇ ਲੋਕਾਂ ਦੀ ਮਦਦ ਕਰ ਸਕਦੀਆਂ ਹਨ, ਪਰ ਸਾਨੂੰ ਨਹੀਂ ਪਤਾ ਕਿ ਇਹ ਉਨ੍ਹਾਂ ਮਰੀਜ਼ਾਂ ਲਈ ਕਿੰਨੀ ਚੰਗੀ ਤਰ੍ਹਾਂ ਕੰਮ ਕਰਦੀਆਂ ਹਨ, ਜਾਂ ਕਿਹੜੇ ਇਲਾਜ ਸਭ ਤੋਂ ਵਧੀਆ ਹਨ। ਹੀਲ ਕੋਵਿਡ ਅਧਿਐਨ ਨੂੰ ਉਨ੍ਹਾਂ ਵੱਖ-ਵੱਖ ਇਲਾਜਾਂ ਬਾਰੇ ਜਾਣਨ ਲਈ ਸ਼ੁਰੂ ਕੀਤਾ ਗਿਆ ਸੀ ਜੋ ਲੰਬੇ ਸਮੇਂ ਵਾਲੇ ਕੋਵਿਡ ਵਾਲੇ ਮਰੀਜ਼ਾਂ ਵਿਚ ਨਜ਼ਰ ਆਉਣ ਵਾਲੀਆਂ ਉਲਝਣਾਂ ਅਤੇ ਲੱਛਣਾਂ ਉੱਪਰ ਕੰਮ ਕਰਦੇ ਹਨ। ਇਸ ਅਧਿਐਨ ਤੋਂ ਪ੍ਰਾਪਤ ਨਤੀਜਿਆਂ ਨੂੰ ਕੋਵਿਡ-19 ਦੇ ਦੀਰਘ ਕਾਲੀਨ ਪ੍ਰਭਾਵਾਂ ਵਾਲੇ ਮਰੀਜ਼ਾਂ ਦੇ ਇਲਾਜਾਂ ਅਤੇ ਦੇਖਭਾਲ ਵਿਚ ਸੁਧਾਰ ਵਿਚ ਸਾਡੀ ਮਦਦ ਕਰਨ ਲਈ ਵਰਤਿਆ ਜਾਵੇਗਾ।

## ਮੈਨੂੰ ਭਾਗ ਲੈਣ ਲਈ ਕਿਉਂ ਕਿਹਾ ਗਿਆ ਹੈ?

ਇਸ ਅਧਿਐਨ ਵਿਚ ਭਾਗ ਲੈਣ ਲਈ ਤੁਹਾਡੇ ਤੱਕ ਪਹੁੰਚ ਕੀਤੀ ਗਈ ਹੈ ਕਿਉਂਕਿ ਤੁਹਾਡਾ ਕੋਵਿਡ-19 ਲਈ ਨਿਦਾਨ ਕੀਤਾ ਗਿਆ ਹੈ ਅਤੇ ਅਗਲੇ ਕੁਝ ਦਿਨਾਂ ਦੇ ਵਿਚ ਤੁਹਾਨੂੰ ਹਸਪਤਾਲ ਤੋਂ ਛੁੱਟੀ ਦਿੱਤੀ ਜਾਵੇਗੀ।

## ਕੀ ਮੇਰਾ ਭਾਗ ਲੈਣਾ ਜ਼ਰੂਰੀ ਹੈ?

ਨਹੀਂ, ਭਾਗ ਲੈਣਾ ਇੱਛੁਕ ਹੈ। ਇਹ ਨਿਰਣਾ ਤੁਹਾਡੇ ਉੱਪਰ ਨਿਰਭਰ ਕਰਦਾ ਹੈ ਕਿ ਤੁਸੀਂ ਭਾਗ ਲੈਣਾ ਚਾਹੁੰਦੇ ਹੋ ਜਾਂ ਨਹੀਂ।

ਜੇ ਤੁਸੀਂ ਭਾਗ ਨਾ ਲੈਣ ਦਾ ਨਿਰਣਾ ਕਰਦੇ ਹੋ ਤੁਸੀਂ ਤਾਂ ਵੀ ਤੁਹਾਡੇ ਹਸਪਤਾਲ ਦੁਆਰਾ ਪੇਸ਼ਕਸ਼ ਕੀਤੀ ਜਾਂਦੀ ਆਮ ਦੇਖਭਾਲ ਨੂੰ ਪ੍ਰਾਪਤ ਕਰੋਗੇ। ਤੁਹਾਡਾ ਡਾਕਟਰ ਜਾਂ ਨਰਸ ਤੁਹਾਨੂੰ ਇਸ ਬਾਰੇ ਵਧੇਰੇ ਜਾਣਕਾਰੀ ਪ੍ਰਦਾਨ ਕਰ ਸਕਦਾ ਹੈ।

ਜੇ ਤੁਸੀਂ ਭਾਗ ਲੈਣ ਦਾ ਨਿਰਣਾ ਲੈਂਦੇ ਹੋ, ਤੁਸੀਂ ਕਿਸੇ ਵੀ ਸਮੇਂ ਕਾਰਨ ਦੱਸੇ ਬਿਨਾਂ ਭਾਗ ਲੈਣਾ ਬੰਦ ਕਰਨਾ ਚੁਣ ਸਕਦੇ ਹੋ।

ਤੁਹਾਡੇ ਦੁਆਰਾ ਭਾਗ ਲੈਣ ਜਾਂ ਨਾ ਲੈਣ ਦਾ ਕੀਤਾ ਗਿਆ ਨਿਰਣਾ ਤੁਹਾਡੇ ਦੁਆਰਾ ਹੁਣ ਜਾਂ ਭਵਿੱਖ ਵਿਚ ਪ੍ਰਾਪਤ ਕੀਤੀ ਜਾਣ ਵਾਲੀ ਮਾਨਕ ਦੇਖਭਾਲ ਦੇ ਮਾਨਕ ਨੂੰ ਪ੍ਰਭਾਵਿਤ ਨਹੀਂ ਕਰੇਗਾ।

## ਜੇ ਮੈਂ ਭਾਗ ਲੈਂਦਾ/ਦੀ ਹਾਂ ਤਾਂ ਮੇਰੇ ਨਾਲ ਕੀ ਵਾਪਰੇਗਾ?

ਜੇ ਤੁਸੀਂ ਭਾਗ ਲੈਣ ਲਈ ਸਹਿਮਤ ਹੁੰਦੇ ਹੋ, ਤਾਂ ਤੁਹਾਨੂੰ ਇਕ ਸਹਿਮਤੀ ਫਾਰਮ ਉੱਪਰ ਦਸਤਖਤ ਕਰਨ ਲਈ ਕਿਹਾ ਜਾਵੇਗਾ। ਤੁਹਾਨੂੰ ਰੱਖਣ ਦੇ ਲਈ ਸਹਿਮਤੀ ਫਾਰਮ ਅਤੇ ਇਸ ਜਾਣਕਾਰੀ ਸ਼ੀਟ ਦੀ ਇਕ ਕਾਪੀ ਦਿੱਤੀ ਜਾਵੇਗੀ।

ਇਕ ਵਾਰ ਤੁਹਾਡੇ ਦੁਆਰਾ ਸਹਿਮਤੀ ਫਾਰਮ ਉੱਪਰ ਦਸਤਖਤ ਕਰਨ ਦੇ ਬਾਅਦ, ਅਸੀਂ ਇਸ ਗੱਲ ਦੀ ਜਾਂਚ ਕਰਾਂਗੇ ਅਤੇ ਪੁਸ਼ਟੀ ਕਰਾਂਗੇ ਕਿ ਇਹ ਅਧਿਐਨ ਤੁਹਾਡੇ ਲਈ ਢੁੱਕਵਾਂ ਹੈ।

ਜੇ ਤੁਸੀਂ ਇਸ ਅਧਿਐਨ ਵਿਚ ਭਾਗ ਲੈਂਦੇ ਹੋ, ਤਾਂ ਅਸੀਂ ਤੁਹਾਡੇ ਹਸਪਤਾਲ ਵਿਚ ਰਹਿਣ ਦੌਰਾਨ ਤੁਹਾਡੀ ਸਿਹਤ ਬਾਰੇ ਕੁਝ ਡਾਟਾ ਇਕੱਤਰ ਕਰਾਂਗੇ। ਅਧਿਐਨ ਵਿਚ ਭਾਗ ਲੈਣ ਬਾਰੇ ਤੁਹਾਡੇ ਦੁਆਰਾ ਸਹਿਮਤ ਹੋਣ ਦੇ ਬਾਅਦ ਅਸੀਂ ਤੁਹਾਡੀ ਸਿਹਤ ਦੇਖਭਾਲ ਬਾਰੇ 12 ਮਹੀਨਿਆਂ ਲਈ ਹੋਰ ਜਾਣਕਾਰੀ ਇਕੱਤਰ ਕਰਾਂਗੇ। ਇਸ ਜਾਣਕਾਰੀ ਦੇ ਵਿਚ ਜੀ ਪੀ (GP) ਦੀਆਂ ਮੁਲਾਕਾਤਾਂ, ਹਸਪਤਾਲ ਵਿਚਲੀਆਂ ਹਾਜ਼ਰੀਆਂ ਜਾਂ ਤੁਹਾਡੇ ਜੀਵਨਕਾਲ ਦੌਰਾਨ ਤੁਹਾਡੇ ਦੁਆਰਾ ਪ੍ਰਾਪਤ ਕੀਤੀ ਗਈ ਹੋਰ ਕਿਸਮ ਦੀ ਸਿਹਤ ਦੇਖਭਾਲ ਅਤੇ ਉਸ ਤੋਂ ਬਾਅਦ ਦੀ ਜਾਣਕਾਰੀ ਸ਼ਾਮਲ ਹੋ ਸਕਦੀ ਹੈ। ਸਾਡੇ ਦੁਆਰਾ ਇਕੱਤਰ ਕੀਤੇ ਜਾਣ ਵਾਲੇ ਡਾਟਾ ਅਤੇ ਅਸੀਂ ਇਸਨੂੰ ਕਿਵੇਂ ਇਕੱਤਰ ਕਰਾਂਗੇ ਬਾਰੇ ਹੋਰ ਜਾਣਕਾਰੀ ਵੈਬਸਾਇਟ ਉੱਪਰ ਉਪਲਬੱਧ ਹੈ (www.heal-covid.net)।

ਅਸੀਂ ਤੁਹਾਨੂੰ ਅਧਿਐਨ ਵਾਲੇ ਜੋ ਇਲਾਜ ਅਸੀਂ ਚਾਹਵਾਂਗੇ ਕਿ ਤੁਸੀਂ ਤੁਹਾਡੇ ਦੁਆਰਾ ਹਸਪਤਾਲ ਤੋਂ ਜਾਣ ਤੋਂ ਪਹਿਲਾਂ ਪ੍ਰਾਪਤ ਕਰੋ, ਪ੍ਰਦਾਨ ਕਰਾਂਗੇ। ਅਸੀਂ ਤੁਹਾਨੂੰ ਘਰ ਵਿਚ ਖੁਦ ਇਲਾਜ ਪ੍ਰਾਪਤ ਕਰਨ ਲਈ ਕਹਾਂਗੇ ਤੁਹਾਡਾ ਡਾਕਟਰ ਜਾਂ ਨਰਸ ਤੁਹਾਨੂੰ ਇਹ ਵਰਣਨ ਕਰਨਗੇ ਕਿ ਇਸਨੂੰ ਕਿਵੇਂ ਲੈਣਾ ਹੈ, ਅਕਸਰ ਕਿੰਨਾ ਲੈਣਾ ਹੈ ਅਤੇ ਕਿੰਨੀ ਦੇਰ ਤੱਕ ਲੈਣਾ ਹੈ। ਜੇ ਤੁਹਾਨੂੰ ਅਟੋਵਸਟਾਟਿਨ ਲੈਣ ਲਈ ਕਿਹਾ ਜਾਂਦਾ ਹੈ, ਤਾਂ ਇਸ ਲਈ ਤੁਹਾਨੂੰ ਤੁਹਾਡੇ ਜੀ ਪੀ (GP) ਜਾਂ ਤੁਹਾਡੇ ਹਸਪਤਾਲ ਦੁਆਰਾ ਦੁਹਰਾਈਆਂ ਜਾਣ ਵਾਲੀਆਂ ਤਜ਼ਵੀਜਾਂ ਦਿੱਤੀਆਂ ਜਾਣਗੀਆਂ ਕਿਉਂਕਿ ਇਲਾਜ ਐਪੀਕਸਾਬੈਨ ਤੋਂ ਜ਼ਿਆਦਾ ਸਮੇਂ ਤੱਕ ਚਲਦਾ ਹੈ। ਜੇ ਤੁਸੀਂ ਆਮ ਤੌਰ 'ਤੇ ਆਪਣੀਆਂ ਦਵਾਈਆਂ ਦੀ ਤਜ਼ਵੀਜ਼ਾਂ ਲਈ ਭੁਗਤਾਨ ਕਰਦੇ ਹੋ, ਆਪਣੇ ਡਾਕਟਰ ਜਾਂ ਨਰਸ ਨੂੰ ਦੱਸੋ ਅਤੇ ਤੁਹਾਡੇ ਦੁਆਰਾ ਹਸਪਤਾਲ ਤੋਂ ਚਲੇ ਜਾਣ ਦੇ ਥੋੜ੍ਹੀ ਦੇਰ ਬਾਅਦ ਤੁਹਾਨੂੰ ਇਕ ਫਾਰਮ ਜਾਂ ਸਰਟੀਫਿਕੇਟ ਭੇਜਿਆ ਜਾਵੇਗਾ ਜੋ ਇਹ ਯਕੀਨੀ ਬਣਾਉਂਦਾ ਹੈ ਕਿ ਤੁਹਾਨੂੰ ਹੀਲ-ਕੋਵਿਡ ਲਈ ਭੁਗਤਾਨ ਨਹੀਂ ਕਰਨਾ ਪੈਂਦਾ ਹੈ।

ਇਕ ਵਾਰ ਤੁਹਾਨੂੰ ਛੁੱਟੀ ਮਿਲਣ ਦੇ ਬਾਅਦ, ਅਸੀਂ ਤੁਹਾਨੂੰ ਇਸ ਬਾਰੇ ਵੀ ਪ੍ਰਸ਼ਨ ਪੁੱਛਣਾ ਚਾਹਵਾਂਗੇ ਕਿ ਤੁਸੀਂ ਕਿਸ ਤਰ੍ਹਾਂ ਮਹਿਸੂਸ ਕਰ ਰਹੇ ਹੋ, ਕੋਵਿਡ-19 ਦੇ ਕਿਸੇ ਤਰ੍ਹਾਂ ਦੇ ਗੌਣ ਪ੍ਰਭਾਵ ਜਿਨ੍ਹਾਂ ਦਾ ਤੁਸੀਂ ਤਜ਼ਰਬਾ ਕਰਦੇ ਹੋ ਸਕਦੇ ਹੋ ਅਤੇ ਤੁਹਾਡਾ ਖੋਜ ਵਿਚ ਭਾਗ ਲੈਣ ਸਬੰਧੀ ਤਜ਼ਰਬਾ ਕੀ ਹੈ।

ਇਨ੍ਹਾਂ ਪ੍ਰਸ਼ਨੋਤਰੀਆਂ ਵਿਚ ਭਾਗ ਲੈਣਾ ਵਿਕਲਪਕ ਹੈ, ਇਸ ਲਈ ਜੇ ਤੁਸੀਂ ਇਨ੍ਹਾਂ ਪ੍ਰਸ਼ਨੋਤਰੀਆਂ ਦਾ ਉੱਤਰ ਨਹੀਂ ਵੀ ਦੇਣਾ ਚਾਹੁੰਦੇ ਤੁਸੀਂ ਤਾਂ ਵੀ ਹੀਲ-ਕੋਵਿਡ ਵਿਚ ਭਾਗ ਲੈ ਸਕਦੇ ਹੋ। ਤੁਹਾਡੇ ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ ਦੀਰਘ-ਕਾਲੀਨ ਲੱਛਣਾਂ ਅਤੇ ਜੀਵਨ ਦੀ ਗੁਣਵੱਤਤਾ ਉੱਪਰ ਕੋਵਿਡ-19 ਦੇ ਪ੍ਰਭਾਵ ਨੂੰ ਸਮਝਣ ਅਤੇ ਇਹ ਦੇਖਣ ਵਿਚ ਸਾਡੀ ਮਦਦ ਕਰੇਗੀ ਕਿ ਕੀ ਟਰਾਇਲ ਵਿਚ ਵਰਤੇ ਜਾ ਰਹੇ ਇਲਾਜ ਕਾਰਗਰ ਹਨ।

ਅਸੀਂ ਚਾਹਵਾਂਗੇ ਕਿ ਤੁਸੀਂ ਇਸ ਬਾਰੇ ਪ੍ਰਸ਼ਨੋਤਰੀ ਪੂਰੀ ਕਰੋ ਕਿ ਤੁਸੀਂ ਕਿਸ ਤਰ੍ਹਾਂ ਮਹਿਸੂਸ ਕਰ ਰਹੇ ਹੋ, ਪਰ ਜੇ ਤੁਸੀਂ ਇਹ ਕਰਨ ਠੀਕ ਮਹਿਸੂਸ ਨਹੀਂ ਕਰ ਰਹੇ ਤਾਂ ਤੁਹਾਡੀ ਤਰਫ਼ੋਂ ਕੋਈ ਪਰਿਵਾਰਕ ਮੈਂਬਰ, ਦੋਸਤ ਜਾਂ ਦੇਖਭਾਲਕਰਤਾ ਇਸਨੂੰ ਪੂਰਾ ਕਰਨ ਵਿਚ ਮਦਦ ਕਰ ਸਕਦਾ ਹੈ। ਅਦਾਰਸ਼ਕ ਰੂਪ ਵਿਚ ਹਰ ਵਾਰ ਉਸੇ ਵਿਅਕਤੀ ਨੂੰ ਮਦਦ ਕਰਨ ਲਈ ਕਹੋ।
ਇਹ ਪ੍ਰਸ਼ਨੋਤਰੀਆਂ ਹੀਲ-ਕੋਵਿਡ ਐਪ ('ATOM5™' ਕਿਹਾ ਜਾਂਦਾ ਹੈ, ਐਪਾਰੀਟੋ ਨਾਮ ਦੀ ਕੰਪਨੀ ਦੁਆਰਾ) ਰਾਹੀਂ ਤੁਹਾਡੇ ਮੋਬਾਇਲ ਫ਼ੋਨ ਜਾਂ ਟੈਬਲੈੱਟ ਉੱਪਰ ਮੁਹੱਈਆ ਕਰਵਾਈਆਂ ਜਾਣਗੀਆਂ। ਖੋਜ ਟੀਮ, ਤੁਹਾਡੇ ਦੁਆਰਾ ਹਸਪਤਾਲ ਤੋਂ ਛੁੱਟੀ ਕਰਕੇ ਜਾਣ ਤੋਂ ਪਹਿਲਾਂ ਐਪ ਨੂੰ ਡਾਊਨਲੋਡ ਕਰਨ ਵਿਚ ਤੁਹਾਡੀ ਮਦਦ ਕਰੇਗੀ ਜਾਂ ਘਰ ਵਿਚ ਐਪ ਨੂੰ ਡਾਊਨਲੋਡ ਕਰਨ ਬਾਰੇ ਵੇਰਵੇ ਦੇਵੇਗੀ। ਸ਼ੁਰੂਆਤ ਵਿਚ ਅਸੀਂ ਤੁਹਾਡੀ ਹਫ਼ਤੇ ਵਿਚ ਇਕ ਵਾਰ ਅਤੇ ਬਾਅਦ ਵਿਚ ਮਹੀਨੇ ਵਿਚ ਇਕ ਵਾਰ ਇਨ੍ਹਾਂ ਪ੍ਰਸ਼ਨੋਤਰੀਆਂ ਨੂੰ ਪੂਰਾ ਕਰਨ ਲਈ ਕਹਾਂਗੇ।

ਇਨ੍ਹਾਂ ਨੂੰ ਪੂਰਾ ਕਰਨ ਵਿਚ ਹਰ ਵਾਰ ਤਕਰੀਬਨ 10 ਮਿਨਟਾਂ ਦਾ ਸਮਾਂ ਲੱਗੇਗਾ। ਹਰ ਵਾਰ ਜਦੋਂ ਵੀ ਇਕ ਪ੍ਰਸ਼ਨੋਤਰੀ ਪੂਰੇ ਕੀਤੇ ਜਾਣ ਲਈ ਤਿਆਰ ਹੁੰਦੀ ਹੈ, ਤੁਸੀਂ ਆਪਣੇ ਸਮਾਰਟਫ਼ੋਨ ਜਾਂ ਟੈਬਲੈਟ ਉੱਪਰ ਇਕ ਅਲਰਟ ਜਾਂ ਰਿਮਾਇੰਡਰਜ਼ ਪ੍ਰਾਪਤ ਕਰੋਗੇ। ਜੇ ਤੁਹਾਡੇ ਕੋਲ ਮੋਬਾਇਲ ਫ਼ੋਨ ਜਾਂ ਟੈਬਲੈਟ ਨਹੀਂ ਹੈ, ਤਾਂ ਇਕ ਨਰਸ ਤੁਹਾਨੂੰ ਇਹ ਪ੍ਰਸ਼ਨ ਪੁੱਛਣ ਲਈ ਫ਼ੋਨ ਕਰੇਗੀ, ਜੇ ਤੁਹਾਨੂੰ ਇਸਦੀ ਲੋੜ ਹੈ ਤਾਂ ਇਕ ਦੁਭਾਸ਼ੀਏ ਦੇ ਨਾਲ ਫ਼ੋਨ ਕੀਤਾ ਜਾਵੇਗਾ। ਤੁਹਾਡੀ ਦੇਖਭਾਲ ਕਰਨ ਵਾਲੇ ਡਾਕਟਰ ਅਤੇ ਨਰਸਾਂ ਅਧਿਐਨ ਪ੍ਰਸ਼ਨੋਤਰੀਆਂ ਲਈ ਤੁਹਾਡੇ ਦੁਆਰਾ ਦਿੱਤੇ ਗਏ ਉੱਤਰਾਂ ਨੂੰ ਨਹੀਂ ਦੇਖ ਸਕਣਗੇ, ਅਤੇ ਤੁਹਾਡੇ ਦੁਆਰਾ ਪ੍ਰਦਾਨ ਕੀਤੀ ਗਈ ਜਾਣਕਾਰੀ ਨੂੰ ਤੁਹਾਡੇ ਦੁਆਰਾ ਪ੍ਰਾਪਤ ਕੀਤੀ ਜਾਂਦੀ ਦੇਖਭਾਲ ਨੂੰ ਸੂਚਿਤ ਨਹੀਂ ਕਰੇਗਾ।

ਤੁਹਾਡੇ ਦੁਆਰਾ ਅਧਿਐਨ ਵਿਚ ਦਾਖਲ ਹੋਣ ਦੇ 12 ਮਹੀਨਿਆਂ ਬਾਅਦ, ਤੁਹਾਡੀ ਸ਼ਮੂਲੀਅਤ ਪੂਰੀ ਹੋ ਜਾਵੇਗੀ ਅਤੇ ਇਸ ਤੋਂ ਬਾਅਦ ਅਸੀਂ ਤੁਹਾਡੇ ਨਾਲ ਕੇਵਲ ਤਾਂ ਸੰਪਰਕ ਕਰਾਂਗੇ ਜੇ ਤੁਸੀਂ ਸਾਨੂੰ ਅਜਿਹਾ ਕਰਨ ਲਈ ਕਹਿੰਦੇ ਹੋ ਜਾਂ ਜੇ ਤੁਸੀਂ ਕਹਿੰਦੇ ਹੋ ਕਿ ਤੁਸੀਂ ਭਵਿੱਖ ਦੀ ਖੋਜ ਵਿਚ ਭਾਗ ਲੈਣਾ ਚਾਹ ਸਕਦੇ ਹੋ। ਭਵਿੱਖ ਦੇ ਵਿਚ ਕੋਵਿਡ-19 ਬਾਰੇ ਪ੍ਰਸ਼ਨਾਂ ਦਾ ਉੱਤਰ ਦੇ ਲਈ ਅਸੀਂ ਇਸ ਅਧਿਐਨ ਨਾਲ ਸਬੰਧਤ ਤੁਹਾਡੇ ਡਾਟਾ ਨੂੰ ਹੋਰ ਡਾਟਾਬੇਸਾਂ ਜਾਂ ਕਲੀਨਿਕਲ ਟਰਾਇਲਾਂ ਦੇ ਨਾਲ ਵੀ ਜੋੜ ਸਕਦੇ ਹਾਂ।

ਜੇ ਹੀਲ-ਕੋਵਿਡ ਅਧਿਐਨ ਵਿਚ ਤੁਹਾਡੇ ਦੁਆਰਾ ਭਾਗ ਲੈਂਦੇ ਸਮੇਂ ਤੁਸੀਂ ਖੁਦ ਲਈ ਨਿਰਣੇ ਲੈਣ ਦੀ ਸਮਰੱਥਾ ਗੁਆ ਲੈਂਦੇ ਹੋ (ਕਿਸੇ ਗੰਭੀਰ ਬਿਮਾਰੀ ਕਾਰਨ), ਤੁਸੀਂ ਉਸ ਸਮੇਂ ਤੱਕ ਅਧਿਐਨ ਵਿਚ ਇਕ ਪ੍ਰਤੀਭਾਗੀ ਵੱਜੋਂ ਸ਼ਾਮਲ ਰਹੋਗੇ ਜਦੋਂ ਤੱਕ ਕੋਈ, ਜੋ ਤੁਹਾਡੇ ਕਾਨੂੰਨੀ ਪ੍ਰਤੀਨਿਧੀ ਵੱਜੋਂ ਕੰਮ ਕਰ ਰਿਹਾ ਹੈ, ਸਾਨੂੰ ਤੁਹਾਡਾ ਨਾਮ ਵਾਪਸ ਲੈਣ ਬਾਰੇ ਨਹੀਂ ਕਹਿੰਦਾ।

## ਕਿਹੜੀਆਂ ਡਰੱਗਜ਼ ਟੈਸਟ ਕੀਤੀਆਂ ਜਾ ਰਹੀਆਂ ਹਨ?

ਉਹ ਇਲਾਜ ਜਿਨ੍ਹਾਂ ਦੀ ਅਸੀਂ ਹੀਲ-ਕੋਵਿਡ ਦੇ ਵਿਚ ਤੁਲਨਾ ਕਰਨੀ ਚਾਹੁੰਦੇ ਹਾਂ ਉਨ੍ਹਾਂ ਨੂੰ ਅਟੋਵਸਟਾਟਿਨ ਅਤੇ ਐਪੀਕਸਾਬੈਨ ਕਿਹਾ ਜਾਂਦਾ ਹੈ। 877 ਲੋਕਾਂ ਨੂੰ ਇਨ੍ਹਾਂ ਵਿਚੋਂ ਹਰੇਕ ਇਲਾਜ ਦਿੱਤੇ ਜਾਣਗੇ। ਇਨ੍ਹਾਂ ਇਲਾਜਾਂ ਨੂੰ ਕਈ ਤਰ੍ਹਾਂ ਦੀਆਂ ਸਮੱਸਿਆਵਾਂ ਵਾਲੇ ਮਰੀਜ਼ਾਂ ਦਾ ਇਲਾਜ ਕਰਨ ਲਈ ਬਹੁਤ ਆਮ ਤੌਰ 'ਤੇ ਵਰਤਿਆ ਜਾਂਦਾ ਹੈ।
ਅਟੋਵਸਟਾਟਿਨ ਇਕ ਸਟਾਟਿਨ ਹੈ ਅਤੇ ਇਸਨੂੰ ਆਮ ਤੌਰ 'ਤੇ ਕੋਲੈਸਟਰੋਲ ਘਟਾਉਣ ਲਈ ਵਰਤਿਆ ਜਾਂਦਾ ਹੈ ਪਰ ਇਸ ਵਿਚ ਉਹ ਅਸਰ ਵੀ ਹਨ ਜੋ ਸਰੀਰ ਵਿਚ ਜਲੂਣ ਨੂੰ ਘਟਾਉਂਦੇ ਹਨ। ਜੇ ਤੁਹਾਨੂੰ ਅਟੋਵਸਟਾਟਿਨ ਦਿੱਤੀ ਜਾਂਦੀ ਹੈ ਤੁਸੀਂ ਇਸਨੂੰ 12 ਮਹੀਨਿਆਂ ਲਈ ਦਿਨ ਵਿਚ ਇਕ ਵਾਰ ਲਵੋਗੇ।

ਐਪੀਕਸਾਬੈਨ ਇਕ ਦਵਾਈ ਹੈ ਜਿਸਨੂੰ ਆਮ ਤੌਰ 'ਤੇ "ਖੂਨ ਪਤਲਾ ਕਰਨ ਵਾਲੀ" ਜਾਂ ਐਂਟੀਕੁਆਗੁਲੈਂਟ ਕਿਹਾ ਜਾਂਦਾ ਹੈ। ਜੇ ਤੁਹਾਨੂੰ ਐਪੀਕਸਾਬੈਨ ਦਿੱਤੀ ਜਾਂਦੀ ਹੈ ਤੁਸੀਂ ਇਸਨੂੰ 2 ਹਫ਼ਤਿਆਂ ਦੇ ਲਈ ਇਸਨੂੰ ਦਿਨ ਵਿਚ ਦੋ ਵਾਰ ਲਵੋਗੇ।

HEAL-COVID

ਲੰਬੇ ਸਮੇਂ ਦੇ ਕੋਵਿਡ ਵਾਲੇ ਮਰੀਜ਼ਾਂ ਨੂੰ ਜਲੂਣ ਅਤੇ ਖੂਨ ਦੇ ਵਾਧੂ ਥੱਕੇ ਬਣਨ ਦੇ ਕਾਰਨ ਲੱਛਣ ਹੋ ਸਕਦੇ ਹਨ, ਇਸ ਕਰਕੇ ਇਹ ਦਵਾਈਆਂ ਕੋਵਿਡ-19 ਕਾਰਨ ਬਿਮਾਰ ਹੋਣ ਦੇ ਦੀਰਘ-ਕਾਲੀਨ ਪ੍ਰਭਾਵਾਂ ਦੀ ਰੋਕਥਾਮ ਜਾਂ ਇਲਾਜ ਵਿਚ ਮਦਦ ਕਰ ਸਕਦੀਆਂ ਹਨ।

## ਮੈਨੂੰ ਕਿਸ ਤਰ੍ਹਾਂ ਪਤਾ ਲੱਗੇਗਾ ਕਿ ਮੈਨੂੰ ਕਿਹੜਾ ਇਲਾਜ ਪ੍ਰਾਪਤ ਹੋਵੇਗਾ?

ਇਸ ਅਧਿਐਨ ਵਿਚ ਮਰੀਜ਼ਾਂ ਨੂੰ ਇਲਾਜ ਦੇ ਤਿੰਨ ਸਮੂਹਾਂ ਵਿਚ ਵੰਡਿਆ ਜਾਵੇਗਾ ਅਤੇ ਹਰੇਕ ਸਮੂਹ ਵਿਚ ਮਰੀਜ਼ਾਂ ਦਾ ਸਮਾਨ ਮਿਸ਼ਰਣ ਹੋਏਗਾ। ਇਕ ਸਮੂਹ "ਮਾਨਕ ਦੇਖਭਾਲ" (ਬਿਲਕੁੱਲ ਓਸੇ ਤਰ੍ਹਾਂ ਦੀ ਜੋ ਤੁਹਾਨੂੰ ਅਧਿਐਨ ਵਿਚ ਭਾਗ ਨਾ ਲੈਣ 'ਤੇ ਪ੍ਰਾਪਤ ਹੋਣੀ ਸੀ) ਪ੍ਰਾਪਤ ਕਰੇਗਾ। ਇਸਦਾ ਮਤਲਬ ਹੈ ਤੁਹਾਡੇ ਹਸਪਤਾਲ ਦੁਆਰਾ ਆਮ ਤੌਰ ਤੇ ਪੇਸ਼ਕਸ਼ ਕੀਤਾ ਜਾਂਦਾ ਕੋਈ ਵੀ ਇਲਾਜ, ਜੋ ਕਿ ਤੁਹਾਡੇ ਲੱਛਣਾਂ ਅਤੇ/ਜਾਂ ਤੁਹਾਨੂੰ ਹੋ ਸਕਣ ਵਾਲੀਆਂ ਹੋਰ ਸਮੱਸਿਆਵਾਂ ਅਨੁਸਾਰ ਢੁੱਕਵਾਂ ਹੈ।
ਦੂਜੇ ਸਮੂਹਾਂ ਨੂੰ ਮਾਨਕ ਦੇਖਭਾਲ ਤੋਂ ਇਲਾਵਾ ਅਟੋਵਸਟਾਟਿਨ ਜਾਂ ਐਪੀਕਸਾਬੈਨ ਪ੍ਰਾਪਤ ਹੋਵੇਗੀ। ਅਸੀਂ ਇਕ ਕੰਪਿਊਟਰ ਪ੍ਰੋਗ੍ਰਾਮ ਦੀ ਵਰਤੋਂ ਕਰਦੇ ਹਾਂ ਜੋ ਮਰੀਜ਼ਾਂ ਨੂੰ 'ਬੇਤਰਤੀਬ ਦੇ ਨਾਲ' ਸਮੂਹਾਂ ਵਿਚ ਵੰਡਦਾ ਹੈ। ਨਾ ਤਾਂ ਤੁਸੀਂ ਨਾ ਤੁਹਾਡਾ ਡਾਕਟਰ ਇਹ ਚੁਣਦਾ ਹੈ ਕਿ ਤੁਸੀਂ ਕਿਸ ਸਮੂਹ ਵਿਚ ਹੋ।

## ਇਲਾਜ ਦੇ ਹੋਰ ਵਿਕਲਪ ਕਿਹੜੇ ਹਨ?

ਕਿਉਂਕਿ ਕੋਵਿਡ-19 ਇਕ ਨਵੀਂ ਬਿਮਾਰੀ ਹੈ, ਅਸੀਂ ਅਜੇ ਵੀ ਸਿੱਖ ਰਹੇ ਹਾਂ ਕਿ ਉਨ੍ਹਾਂ ਮਰੀਜ਼ਾਂ ਦਾ ਸਭ ਤੋਂ ਚੰਗੀ ਤਰ੍ਹਾਂ ਇਲਾਜ ਕਿਵੇਂ ਕੀਤਾ ਜਾ ਸਕਦਾ ਹੈ ਜਿਨ੍ਹਾਂ ਨੂੰ ਦੀਰਘ-ਕਾਲੀਨ ਲੱਛਣ ਹਨ। ਜੇ ਤੁਸੀਂ ਹੀਲ-ਕੋਵਿਡ ਵਿਚ ਭਾਗ ਨਾ ਲੈਣਾ ਚੁਣਦੇ ਹੋ, ਤੁਸੀਂ ਤੁਹਾਡੇ ਹਸਪਤਾਲ ਦੁਆਰਾ ਪ੍ਰਦਾਨ ਕੀਤੀ ਜਾਂਦੀ ਮਾਨਕ ਦੇਖਭਾਲ ਪ੍ਰਾਪਤ ਕਰੋਗੇ, ਇਹ ਤੁਹਾਡੇ ਲੱਛਣਾਂ ਉੱਪਰ ਅਤੇ ਤੁਹਾਡੇ ਡਾਕਟਰ ਜਾਂ ਨਰਸਾਂ ਜੋ ਤੁਹਾਡੇ ਲਈ ਢੁੱਕਵਾਂ ਸਮਝਦੇ ਹਨ, ਉੱਪਰ ਨਿਰਭਰ ਕਰੇਗਾ।

## ਅਧਿਐਨ ਵਿਚ ਭਾਗ ਲੈਣ ਦੇ ਲਾਭ ਅਤੇ ਜ਼ੋਖਮ ਕਿਹੜੇ ਹਨ?

ਇਸ ਗੱਲ ਦੀ ਸੰਭਾਵਨਾ ਹੈ ਕਿ ਉਹ ਇਲਾਜ ਜੋ ਤੁਹਾਨੂੰ ਅਧਿਐਨ ਦੇ ਹਿੱਸੇ ਵੱਜੋਂ ਦਿੱਤੇ ਜਾਂਦੇ ਹਨ ਉਹ ਤੁਹਾਡੇ ਲੱਛਣਾਂ ਨੂੰ ਸੁਧਾਰ ਸਕਦੇ ਹਨ ਅਤੇ ਤੁਹਾਡੀ ਕੋਵਿਡ-19 ਦੀ ਬਿਮਾਰੀ ਵਿਚੋਂ ਜ਼ਿਆਦਾ ਤੇਜ਼ੀ ਨਾਲ ਸਿਹਤਮੰਦ ਹੋਣ ਵਿਚ ਮਦਦ ਕਰ ਸਕਦੇ ਹਨ। ਭਾਵੇਂ ਕਿ ਇਹ ਦਵਾਈਆਂ ਸੁਰੱਖਿਆ ਦੇ ਜਾਣੇ ਪਛਾਣੇ ਵਰਣਨ ਨਾਲ ਚੰਗੇ ਸਥਾਪਤ ਇਲਾਜ ਹਨ, ਬਹੁਤੀਆਂ ਦਵਾਈਆਂ ਦੀ ਤਰ੍ਹਾਂ, ਇਨ੍ਹਾਂ ਦੇ ਵੀ ਗੌਣ ਪ੍ਰਭਾਵ ਹਨ।
ਜੇ ਤੁਹਾਨੂੰ ਅਟੋਵਸਟਾਟਿਨ ਦਿੱਤੀ ਜਾਂਦੀ ਹੈ, ਤੁਹਾਡੇ ਦੁਆਰਾ ਤਜ਼ਰਬਾ ਕੀਤੇ ਜਾ ਸਕਣ ਵਾਲੇ ਕੁਝ ਆਮ ਗੌਣ ਪ੍ਰਭਾਵ ਇਹ ਹਨ:

- ਸਿਰ ਦਰਦ
- ਪਕੇ ਹੋਏ ਗਲੇ ਸਮੇਤ, ਜ਼ੁਕਾਮ ਵਰਗੇ ਲੱਛਣ
- ਬਿਮਾਰ ਮਹਿਸੂਸ ਕਰਨਾ (ਜੀਅ ਮਚਲਣਾ)
- ਵਾਈ, ਦਸਤ ਜਾਂ ਕਬਜ਼
- ਬਦਹਜ਼ਮੀ
- ਹਾਈ ਬਲੱਡ ਸ਼ੂਗਰ
- ਨੱਕ ਵਿਚੋਂ ਖੂਨ ਵੱਗਣਾ
- ਕੁਝ ਮਾਸਪੇਸ਼ੀਆਂ ਜਾਂ ਮਾਸਪੇਸ਼ੀ ਦੀ ਕਸਕ, ਜ਼ਖਮ ਜਾਂ ਸੁੱਜੇ ਜੋੜੇ ਜਾਂ ਪਿੱਠ ਦਰਦ
- ਜਿਗਰ ਦੇ ਅਸਧਾਰਣ ਪ੍ਰਕਾਰਜ ਦੇ ਟੈਸਟ ਦੇ ਨਤੀਜੇ

ਸਟਾਟਿਨਜ਼ ਗੁਲੂਕੋਜ਼ ਦੇ ਪੱਧਰਾਂ ਨੂੰ ਵਧਾ ਸਕਦੇ ਹਨ, ਅਤੇ ਜੇ ਤੁਹਾਨੂੰ
ਚਿੰਤਾਵਾਂ ਹਨ ਜਾਂ ਜੇ ਸ਼ੱਕਰ ਰੋਗ ਦੇ ਵਧੇ ਹੋਏ ਜ਼ੋਖਮ 'ਤੇ ਹੋ, ਤਾਂ ਕਿਰਪਾ ਕਰਕੇ ਆਪਣੇ ਡਾਕਟਰ ਨਾਲ ਸਲਾਹ ਕਰੋ। ਬੱਚੇ ਜੰਮਣ ਦੇ ਸਮਰੱਥ ਔਰਤਾਂ ਨੂੰ ਵੀ ਅਟੋਵਸਟਾਟਿਨ ਲੈਂਦੇ ਸਮੇਂ ਢੁੱਕਵੇਂ ਗਰਭ ਨਿਰੋਧਕ ਦੀ ਵਰਤੋਂ ਕਰਨੀ ਪਵੇਗੀ।

ਜੇ ਤੁਹਾਨੂੰ ਐਪੀਕਸਾਬੈਨ ਦਿੱਤੀ ਜਾਂਦੀ ਹੈ, ਤੁਹਾਡੇ ਦੁਆਰਾ ਤਜ਼ਰਬਾ ਕੀਤੇ ਜਾ ਸਕਣ ਵਾਲੇ ਕੁਝ ਆਮ ਗੌਣ ਪ੍ਰਭਾਵ ਇਹ ਹਨ:

- ਹੈਮਾਟੋਮਾ ਅਤੇ ਸੱਟ
- ਬਿਮਾਰ ਮਹਿਸੂਸ ਕਰਨਾ (ਜੀਅ ਮਚਲਣਾ)
- ਅਨੀਮੀਆ
- ਖੂਨ ਵੱਧਣ ਦਾ ਵਧਿਆ ਜ਼ੋਖਮ

ਜੇ ਐਪੀਕਸਾਬੈਨ ਨੂੰ ਲੈਂਦੇ ਸਮੇਂ ਤੁਹਾਡੀ ਸਰਜਰੀ ਹੋਣ ਵਾਲੀ ਹੈ ਜਾਂ ਦੰਦਾਂ ਦਾ ਇਲਾਜ ਹੋਣ ਵਾਲਾ ਹੈ, ਤਾਂ ਤੁਹਾਨੂੰ ਆਪਣੇ ਡਾਕਟਰ ਜਾਂ ਦੰਦਾਂ ਦੇ ਡਾਕਟਰ ਨੂੰ ਇਸ ਬਾਰੇ ਦੱਸਣਾ ਯਕੀਨੀ ਬਣਾਉਣਾ ਚਾਹੀਦਾ ਹੈ।

ਜੇ ਅਧਿਐਨ ਇਹ ਦਰਸਾਉਂਦੇ ਹਨ ਕਿ ਦਵਾਈ ਦਾ ਮਾਨਕ ਦੇਖਭਾਲ ਦੇ ਮੁਕਾਬਲੇ ਲਾਭ ਦਾ ਕੋਈ ਸਬੂਤ ਨਹੀਂ ਹੈ ਤਾਂ ਅਸੀਂ ਤੁਹਾਡੀ ਦਵਾਈ ਨੂੰ ਰੋਕ ਦੇਵਾਂਗੇ। ਜੇ ਇਹ ਵਾਪਰਦਾ ਹੈ, ਤੁਹਾਨੂੰ ਮਾਨਕ ਦੇਖਭਾਲ ਦੀ ਪੇਸ਼ਕਸ਼ ਕੀਤੀ ਜਾਵੇਗੀ।

## ਜੇ ਮੈਂ ਆਪਣਾ ਵਿਚਾਰ ਬਦਲ ਲੈਂਦਾ/ਦੀ ਹਾਂ ਤਾਂ ਕੀ ਹੋਏਗਾ?

ਜੇ ਤੁਸੀਂ ਅਧਿਐਨ ਵਿਚ ਭਾਗ ਲੈਣ ਨੂੰ ਬੰਦ ਕਰਨ ਦੀ ਇੱਛਾ ਰੱਖਦੇ ਹੋ ਤਾਂ ਤੁਸੀਂ ਸਾਡੇ ਨਾਲ ਕਿਸੇ ਵੀ ਸਮੇਂ ਸੰਪਰਕ ਕਰ ਸਕਦੇ ਹੋ। ਤੁਸੀਂ ਫਿਰ ਵੀ ਆਪਣੇ ਹਸਪਤਾਲ ਦੁਆਰਾ ਪੇਸ਼ਕਸ਼ ਕੀਤੀ ਜਾਂਦੀ ਮਾਨਕ ਦੇਖਭਾਲ ਅਤੇ ਫਾਲੋ ਅੱਪ ਪ੍ਰਾਪਤ ਕਰੋਗੇ। ਤੁਹਾਡੀ ਆਗਿਆ ਦੇ ਨਾਲ, ਅਸੀਂ ਸਿਹਤ ਦੇਖਭਾਲ ਦੇ ਨਿਯਮਤ ਰਿਕਾਰਡਾਂ ਤੋਂ ਤੁਹਾਡੀ ਸਿਹਤ ਬਾਰੇ ਜਾਣਕਾਰੀ ਇਕੱਤਰ ਕਰਨੀ ਜਾਰੀ ਰੱਖਣੀ ਚਾਹਵਾਂਗੇ।

ਕੁਝ ਹਾਲਤਾਂ ਵਿਚ, ਸਾਨੂੰ ਤੁਹਾਡੇ ਦੁਆਰਾ ਅਧਿਐਨ ਵਾਲੇ ਇਲਾਜ ਕਾਰਨ ਤਜ਼ਰਬਾ ਕੀਤੇ ਜਾ ਸਕਣ ਵਾਲੇ ਕਿਸੇ ਤਰ੍ਹਾਂ ਦੇ ਗੌਣ ਪ੍ਰਭਾਵਾਂ ਬਾਰੇ ਸੀਮਤ ਜਾਣਕਾਰੀ ਇਕੱਤਰ ਕਰਨੀ ਜਾਰੀ ਰੱਖਣ ਦੀ ਜ਼ਰੂਰਤ ਹੋ ਸਕਦੀ ਹੈ। ਅਸੀਂ ਇਹ ਉਸ ਹਾਲਤ ਵਿਚ ਹੀ ਕਰਾਂਗੇ ਜਿੱਥੇ ਸਾਨੂੰ ਅਜਿਹਾ ਕਰਨ ਦੀ ਕਾਨੂੰਨੀ ਜ਼ਰੂਰਤ ਹੈ।

## ਤਾਂ ਕੀ ਹੋਏਗਾ ਜੇਕਰ ਨਵੀਂ ਜਾਣਕਾਰੀ ਉਪਲਬੱਧ ਹੋ ਜਾਂਦੀ ਹੈ?

ਕੁਝ ਵਾਰ ਖੋਜ ਪ੍ਰੋਜੈਕਟ ਦੇ ਚੱਲਣ ਦੌਰਾਨ, ਉਹ ਇਲਾਜ ਜਿਨ੍ਹਾਂ ਦਾ ਅਧਿਐਨ ਕੀਤਾ ਜਾ ਰਿਹਾ ਹੈ ਉਨ੍ਹਾਂ ਦੇ ਬਾਰੇ ਮਹੱਤਵਪੂਰਨ ਨਵੀਂ ਜਾਣਕਾਰੀ ਉਪਲਬੱਧ ਹੋ ਜਾਂਦੀ ਹੈ। ਜੇ ਅਜਿਹਾ ਵਾਪਰਦਾ ਹੈ, ਤਾਂ ਤੁਹਾਡਾ ਡਾਕਟਰ ਜਾਂ ਨਰਸ ਤੁਹਾਨੂੰ ਇਸ ਬਾਰੇ ਦੱਸਣਗੇ ਅਤੇ ਤੁਹਾਡੇ ਨਾਲ ਇਸ ਬਾਰੇ ਚਰਚਾ ਕਰਨਗੇ ਕਿ ਕੀ ਤੁਸੀਂ ਟਰਾਇਲ ਵਿਚ ਸ਼ਾਮਲ ਰਹਿਣਾ ਚਾਹੁੰਦੇ ਹੋ ਜਾਂ ਨਹੀਂ ਜਾਂ ਕੀ ਤੁਹਾਨੂੰ ਇਹ ਇਹ ਕਰਨਾ ਚਾਹੀਦਾ ਹੈ। ਜੇ ਇਹ ਅਧਿਐਨ ਕਿਸੇ ਕਾਰਨ ਕਰਕੇ ਰੋਕ ਦਿੱਤਾ ਜਾਂਦਾ ਹੈ ਤਾਂ ਤੁਹਾਨੂੰ ਇਸਦਾ ਕਾਰਨ ਦੱਸਿਆ ਜਾਵੇਗਾ ਅਤੇ ਤੁਹਾਡੀ ਦੇਖਭਾਲ ਜਾਰੀ ਰੱਖਣ ਦਾ ਪ੍ਰਬੰਧ ਕੀਤਾ ਜਾਵੇਗਾ।

HEAL-COVID

## ਜਦੋਂ ਅਧਿਐਨ ਬੰਦ ਹੋ ਜਾਂਦਾ ਹੈ ਤਾਂ ਕੀ ਹੁੰਦਾ ਹੈ?

ਅਧਿਐਨ ਦੀ ਸਮਾਪਤੀ 'ਤੇ ਤੁਹਾਡਾ ਇਲਾਜ ਵਾਪਸ ਮਾਨਕ ਦੇਖਭਾਲ ਵਾਲਾ ਹੋ ਜਾਵੇਗਾ। ਜੇ ਤੁਸੀਂ ਅਜੇ ਵੀ ਲੱਛਣਾਂ ਦਾ ਤਜ਼ਰਬਾ ਕਰ ਰਹੇ ਹੋ, ਤੁਹਾਡੀ ਸਿਹਤ ਦੇਖਭਾਲ ਟੀਮ ਤੁਹਾਡੇ ਲਈ ਢੁਕਵੀ ਚਲੰਤ ਦੇਖਭਾਲ ਦਾ ਪ੍ਰਬੰਧ ਕਰੇਗੀ।

ਇਹ ਇਰਾਦਾ ਹੈ ਕਿ ਅਧਿਐਨ ਦੇ ਨਤੀਜੇ ਕਾਨਫਰੰਸਾਂ ਵਿਚ ਪੇਸ਼ ਕੀਤੇ ਜਾਣਗੇ ਅਤੇ ਮੈਡੀਕਲ ਜਰਨਲਾਂ ਵਿਚ ਪ੍ਰਕਾਸ਼ਿਤ ਕੀਤੇ ਜਾਣਗੇ, ਤਾਂ ਜੋ ਅਸੀਂ ਮੈਡੀਕਲ ਭਾਈਚਾਰੇ ਅਤੇ ਲੋਕਾਂ ਨੂੰ ਦੱਸ ਸਕੀਏ ਕਿ ਸਾਡੀ ਖੋਜ ਦੇ ਨਤੀਜਿਆਂ ਨੇ ਕੀ ਦਰਸਾਇਆ ਹੈ। ਹਰ ਸਮੇਂ ਗੋਪਨੀਯਤਾ ਨੂੰ ਹਰ ਸਮੇਂ ਬਣਾ ਕੇ ਰੱਖਿਆ ਜਾਵੇਗਾ ਅਤੇ ਤੁਹਾਡੀ ਕਿਸੇ ਪ੍ਰਕਾਸ਼ਨ ਵਿਚ ਪਛਾਣ ਨਹੀਂ ਹੋ ਸਕੇਗੀ। ਅਸੀਂ ਅਧਿਐਨ ਤੋਂ ਪ੍ਰਾਪਤ ਸਾਰੀ ਜਾਣਕਾਰੀ ਨੂੰ 10 ਸਾਲ ਲਈ ਰੱਖਾਂਗੇ।

## ਕੀ ਇਸ ਅਧਿਐਨ ਵਿਚ ਮੇਰੇ ਭਾਗ ਲੈਣ ਨੂੰ ਗੋਪਨੀਯ ਰੱਖਿਆ ਜਾਵੇਗਾ?

ਹਾਂ। ਉਹ ਲੋਕ ਜਿਨ੍ਹਾਂ ਦੀ ਤੁਹਾਡੇ ਡਾਟਾ ਤੱਕ ਪਹੁੰਚ ਹੋਵੇਗੀ, ਉਹ ਹੋਣਗੇ ਜਿਨ੍ਹਾਂ ਨੂੰ ਅਧਿਐਨ ਕਰਨ ਲਈ ਇਸਦੀ ਜ਼ਰੂਰਤ ਹੈ। ਇਸ ਵਿਚ ਅਧਿਐਨ ਦੇ ਡਾਕਟਰ ਅਤੇ ਨਰਸਾਂ, ਕੇਂਦਰੀ ਟਰਾਇਲ ਟੀਮ, ਐਪਾਰੀਟੋ (Aparito) (ਜੋ ATOM5 ਅਧਿਐਨ ਐਪ ਪ੍ਰਦਾਨ ਕਰਦੇ ਹਨ), ਪ੍ਰਾਯੋਜਕ ਸੰਗਠਨਾਂ ਅਤੇ ਨਿਯਾਮਕ ਅਥਾਰਟੀਆਂ ਦੀ ਤਰਫ਼ੋਂ ਇੰਸਪੈਕਟਰਜ਼ ਜਾਂ ਆਡੀਟਰਜ਼ ਸ਼ਾਮਲ ਹਨ। ਤੁਹਾਡੀ ਆਗਿਆ ਦੇ ਨਾਲ ਅਸੀਂ ਤੁਹਾਡੇ ਜੀ ਪੀ (GP) ਨੂੰ ਦੱਸਾਂਗੇ ਕਿ ਤੁਸੀਂ ਖੋਜ ਅਧਿਐਨ ਵਿਚ ਭਾਗ ਲੈ ਰਹੇ ਹੋ।

ਉਹ ਲੋਕਾਂ ਜਿਨ੍ਹਾਂ ਨੂੰ ਇਹ ਜਾਣਨ ਦੀ ਜ਼ਰੂਰਤ ਨਹੀਂ ਹੈ ਕਿ ਤੁਸੀਂ ਕੌਣ ਹੋ, ਉਹ ਤੁਹਾਡੇ ਨਾਮ ਜਾਂ ਸੰਪਰਕ ਵੇਰਵਿਆਂ ਨੂੰ ਨਹੀਂ ਦੇਖ ਸਕਣਗੇ। ਇਸਦੀ ਥਾਂ 'ਤੇ ਤੁਹਾਡੇ ਡਾਟਾ ਦਾ ਇਕ ਕੋਡ ਨੰਬਰ ਹੋਏਗਾ।

ਤੁਹਾਡੇ ਰੁਟੀਨ ਦੇ ਸਿਹਤ ਦੇਖਭਾਲ ਦੇ ਡਾਟਾ ਤੱਕ ਪਹੁੰਚ ਕਰਨ ਲਈ, ਲਿਵਰਪੂਲ ਕਲੀਨਿਕਲ ਟਰਾਇਲ ਸੈਂਟਰ (ਐਲ ਸੀ ਟੀ ਸੀ) (Liverpool Clinical Trials Centre, LCTC) ਤੁਹਾਡੀ ਜਨਮ ਦੀ ਤਾਰੀਖ ਅਤੇ ਐਨ ਐਚ ਐਸ (NHS)/ਸੀ ਐਚ ਆਈ (CHI)/ ਹੈਲਥ ਐਂਡ ਸੋਸ਼ਲ ਕੇਅਰ ਨੰਬਰ ਨੂੰ ਐਨ ਐਚ ਐਸ ਡਿਜੀਟਲ (NHS Digital) ਜਾਂ ਸਕਾਟਲੈਂਡ, ਵੇਲਜ਼ ਅਤੇ ਉੱਤਰੀ ਆਇਰਲੈਂਡ ਵਿਚ ਬਰਾਬਰ ਦੇ ਸੰਗਠਨਾਂ, ਜੋ ਐਨ ਐਚ ਐਸ (NHS) ਡਾਟਾ ਰਿਕਾਰਡਾਂ ਨੂੰ ਸੰਭਾਲਦੇ ਹਨ, ਕੋਲ ਸੁਰੱਖਿਅਤ ਤਰੀਕੇ ਦੇ ਨਾਲ ਭੇਜੇਗਾ। ਤੁਹਾਡੇ ਅਧਿਐਨ ਵਿਚ ਸ਼ਾਮਲ ਹੋਣ ਦੇ ਦਿਨ ਤੋਂ 12 ਮਹੀਨਿਆਂ ਤੱਕ ਲਈ ਅਸੀਂ ਤੁਹਾਡੇ ਡਾਟਾ ਦੀ ਮੰਗ ਕਰਨ ਦੀ ਯੋਜਨਾ ਰੱਖਦੇ ਹਾਂ, ਪਰ ਤੁਹਾਡੀ ਸਿਹਤ ਦੇ ਦੀਰਘ-ਕਾਲੀਨ ਸਿਹਤ ਰੁਤਬੇ ਲਈ ਫਾਲੋ-ਅੱਪ ਕਰਨ ਲਈ ਇਸਨੂੰ ਭਵਿੱਖ ਵਿਚ ਵਧਾਇਆ ਜਾ ਸਕਦਾ ਹੈ। ਐਨ ਐਚ ਐਸ ਡਿਜੀਟਲ (NHS Digital) (ਜਾਂ ਬਰਾਬਰ ਦਾ ਸੰਗਠਨ) ਤੋਂ ਐਲ ਸੀ ਟੀ ਸੀ (LCTC) ਨੂੰ ਵਾਪਸ ਆਇਆ ਡਾਟਾ ਸੁਰੱਖਿਅਤ ਤਰੀਕੇ ਨਾਲ ਬੈਂਗੋਰ ਯੂਨੀਵਰਸਿਟੀ, ਜੋ ਅਧਿਐਨ ਦਾ ਕੁਝ ਵਿਸ਼ਲੇਸ਼ਣ ਕਰ ਰਹੀ ਹੈ, ਦੇ ਨਾਲ ਸਾਂਝਾ ਕੀਤਾ ਜਾਵੇਗਾ। ਬੈਂਗੋਰ ਯੂਨੀਵਰਸਿਟੀ ਵਿਖੇ ਦੇ ਖੋਜਾਰਥੀ ਤੁਹਾਡੇ ਵਿਅਕਤੀਗਤ ਵੇਰਵਿਆਂ ਨੂੰ ਪ੍ਰਾਪਤ ਨਹੀਂ ਕਰਨਗੇ ਅਤੇ ਤੁਹਾਡੀ ਪਛਾਣ ਕਰਨ ਦੇ ਸਮਰੱਥ ਨਹੀਂ ਹੋਣਗੇ।

ਅਸੀਂ ਤੁਹਾਡੇ ਡਾਟਾ ਦੀ ਵਰਤੋਂ ਕਿਸ ਤਰ੍ਹਾਂ ਕਰਦੇ ਹਾਂ ਅਤੇ ਇਸਨੂੰ ਸੁਰੱਖਿਅਤ ਕਿਸ ਤਰ੍ਹਾਂ ਰੱਖਦੇ ਹਾਂ ਇਸ ਬਾਰੇ ਹੋਰ ਜਾਣਕਾਰੀ ਹੀਲ-ਕੋਵਿਡ ਦੀ ਵੈਬਸਾਇਟ www.heal-covid.net 'ਤੇ ਦੇਖੀ ਜਾ ਸਕਦੀ ਹੈ।

## ਅਧਿਐਨ ਕੌਣ ਕਰਵਾ ਰਿਹਾ ਹੈ?

ਕੈਂਬਰਿਜ ਯੂਨੀਵਰਸਿਟੀ ਹਾਸਪੀਟਲਜ਼ ਐਨ ਐਚ ਐਸ ਫਾਊਂਡੇਸ਼ਨ ਟਰੱਸਟ (Cambridge University Hospitals NHS Foundation Trust) ਅਤੇ ਦਿ ਯੂਨੀਵਰਸਿਟੀ ਆਫ਼ ਕੈਂਬਰਿਜ (The University of Cambridge) ਇਸ ਅਧਿਐਨ ਦੇ ਸੰਯੁਕਤ ਪ੍ਰਾਯੋਜਕ ਹਨ ਅਤੇ ਇਸਦੇ ਪ੍ਰਬੰਧਨ ਲਈ ਜ਼ਿੰਮੇਵਾਰ ਹਨ। ਉਹ ਯੂਨਾਈਟਡ ਕਿੰਗਡਮ ਵਿਚ ਅਧਾਰਤ ਹਨ। ਉਨ੍ਹਾਂ ਨੇ ਕਿਹਾ ਹੈ ਕਿ ਅਧਿਐਨ ਦਾ ਦਿਨ ਪ੍ਰਤੀ ਦਿਨ ਦਾ ਸੰਚਲਾਨ ਲਿਵਰਪੂਲ ਕਲੀਨਿਕਲ ਟਰਾਇਲਜ਼ ਸੈਂਟਰ (Liverpool Clinical Trials Centre) (ਐਲ ਸੀ ਟੀ ਸੀ, ਯੂਨੀਵਰਸਿਟੀ ਆਫ਼ ਲਿਵਰਪੂਲ ਦਾ ਹਿੱਸਾ) ਵਿਖੇ ਅਧਾਰਤ ਟੀਮ ਦੁਆਰਾ ਕੀਤਾ ਜਾਂਦਾ ਹੈ। ਕੇਂਦਰੀ ਟਰਾਇਲ ਟੀਮ, ਯੂਨੀਵਰਸਿਟੀ ਆਫ਼ ਕੈਂਬਰਿਜ, ਐਲ ਸੀ ਟੀ ਸੀ (LCTC) ਅਤੇ ਬੈਂਗੋਰ ਯੂਨੀਵਰਸਿਟੀ ਨਾਲ ਸਬੰਧਤ ਖੋਜਾਰਥੀ ਹਨ।
ਇਸ ਅਧਿਐਨ ਦੀ ਸਮੀਖਿਆ ਮੈਡੀਸਨਜ਼ ਐਂਡ ਹੈਲਥਕੇਅਰ ਪ੍ਰੋਡਕਟਸ ਰੈਗੂਲੇਟਰੀ ਏਜੰਸੀ (Medicines and Healthcare Products Regulatory Agency), ਹੈਲਥ ਰਿਸਰਚ ਅਥਾਰਟੀ (Health Research Authority) ਅਤੇ ਨੈਸ਼ਨਲ ਰਿਸਰਚ ਐਥਿਕਸ ਸਰਵਿਸ ਕਮੇਟੀ (National Research Ethics Service Committee) ਦੁਆਰਾ ਕੀਤੀ ਗਈ ਹੈ ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਅਧਿਐਨ ਵਿਗਿਆਨਿਕ ਅਤੇ ਨੈਤਿਕ ਤੌਰ 'ਤੇ ਸਵੀਕਾਰਯੋਗ ਹੈ। ਇਸ ਅਧਿਐਨ ਨੂੰ ਨੈਸ਼ਨਲ ਇੰਸਟੀਚਿਊਟ ਫਾਰ ਹੈਲਥ ਰਿਸਰਚ (ਐਨ ਆਈ ਐਚ ਆਰ) (National Institute for Health Research, NIHR) ਦੁਆਰਾ ਫੰਡ ਦਿੱਤੇ ਗਏ ਹਨ।
ਤੁਹਾਡੇ ਡਾਕਟਰ ਤੁਹਾਨੂੰ ਇਸ ਅਧਿਐਨ ਵਿਚ ਸ਼ਾਮਲ ਕੀਤੇ ਜਾਣ ਲਈ ਕੋਈ ਭੁਗਤਾਨ ਪ੍ਰਾਪਤ ਨਹੀਂ ਕਰੇਗਾ।

## ਹੋਰ ਖੋਜ ਲਈ ਜਾਣਕਾਰੀ ਸਾਂਝੀ ਕਰਨੀ

ਜੇ ਤੁਸੀਂ ਇਸ ਅਧਿਐਨ ਵਿਚ ਭਾਗ ਲੈਣ ਲਈ ਸਹਿਮਤ ਹੁੰਦੇ ਹੋ ਤਾਂ ਤੁਹਾਨੂੰ ਇਸ ਅਧਿਐਨ ਦੇ ਹਿੱਸੇ ਵੱਜੋਂ ਇਕੱਤਰ ਕੀਤੇ ਗਏ ਤੁਹਾਡੇ ਡਾਟਾ ਦੀ ਵਰਤੋਂ ਕਰਦੀ ਹੋਰ ਸੰਗਠਨਾਂ ਵਿਚ ਕੀਤੀ ਜਾਣ ਵਾਲੀ ਭਵਿੱਖ ਦੀ ਖੋਜ ਲਈ ਆਗਿਆ ਦੇਣ ਦਾ ਵਿਕਲਪ ਹੋਏਗਾ। ਇਹ ਸੰਗਠਨ ਯੂਨੀਵਰਸਿਟੀਆਂ, ਐਨ ਐਚ ਐਸ (NHS) ਸੰਗਠਨ ਜਾਂ ਇਸ ਦੇਸ਼ ਜਾਂ ਵਿਦੇਸ਼ ਵਿਚ ਸਿਹਤ ਅਤੇ ਦੇਖਭਾਲ ਖੋਜ ਵਿਚ ਸ਼ਾਮਲ ਕੰਪਨੀਆਂ ਹੋ ਸਕਦੇ ਹਨ। ਤੁਹਾਡੀ ਜਾਣਕਾਰੀ ਨੂੰ ਸੰਗਠਨਾਂ ਅਤੇ ਖੋਜਾਰਥੀਆਂ ਦੁਆਰਾ ਕੇਵਲ ਸਿਹਤ ਅਤੇ ਸਮਾਜਕ ਦੇਖਭਾਲ ਖੋਜ ਲਈ ਯੂ ਕੇ ਪਾਲਸੀ ਫਰੇਮਵਰਕ (UK Policy Framework for Health and Social Care Research) ਜਾਂ ਬਰਾਬਰ ਦੇ ਮਾਨਕਾਂ ਦੇ ਅਨੁਸਾਰ ਖੋਜ ਕਰਨ ਲਈ ਵਰਤਿਆ ਜਾਵੇਗਾ।

## ਮੇਰੀ ਜਾਣਕਾਰੀ ਕਿਸ ਤਰ੍ਹਾਂ ਵਰਤੀ ਜਾਂਦੀ ਹੈ, ਇਸ ਬਾਰੇ ਮੈਂ ਹੋਰ ਜਾਣਕਾਰੀ ਕਿੱਥੇ ਪ੍ਰਾਪਤ ਕਰ ਸਕਦਾ ਹਾਂ?

ਅਸੀਂ ਤੁਹਾਡੀ ਜਾਣਕਾਰੀ ਨੂੰ ਕਿਸ ਤਰ੍ਹਾਂ ਵਰਤਾਂਗੇ, ਤੁਸੀਂ ਇਸ ਬਾਰੇ ਹੋਰ ਜਾਣਕਾਰੀ ਇੱਥੇ

- ਹੀਲ-ਕੋਵਿਡ ਟਰਾਇਲ ਵੈਬਸਾਇਟ 'ਤੇ ਦੇਖ ਸਕਦੇ ਹੋ www.heal- covid.net
- ਇੱਥੇ www.hra.nhs.uk/information-about-patients
- ਇੱਥੋਂ ਉਪਲਬੱਧ ਹੈਲਥ ਰਿਸਰਚ ਅਥਾਰਟੀ ਦੇ ਪਰਚੇ ਵਿਚ www.hra.nhs.uk/patientdataandresearch
- ਇੱਥੇ ਕੈਂਬਰਿਜ ਯੂਨੀਵਰਸਿਟੀ ਹਾਸਪੀਟਲਜ਼ ਐਨ ਐਚ ਐਸ ਫਾਊਂਡੇਸ਼ਨ ਟਰੱਸਟ ਡਾਟਾ ਪ੍ਰੋਟੈਕਸ਼ਨ ਅਫ਼ਸਰ (Cambridge University Hospitals NHS Foundation Trust Data Protection Officer) ਨੂੰ ਸੰਪਰਕ ਕਰਕੇ infogov@addenbrookes.nhs.uk

HEAL-COVID

- ਇੱਥੇ ਯੂਨੀਵਰਸਿਟੀ ਆਫ਼ ਕੈਂਬਰਿਜ ਡਾਟਾ ਪ੍ਰੋਟੈਕਸ਼ਨ ਅਫ਼ਸਰ (University of Cambridge Data Protection Officer) ਨਾਲ ਸੰਪਰਕ ਕਰਕੇ dpo@admin.cam.ac.uk
- ਇੱਥੇ ਯੂਨੀਵਰਸਿਟੀ ਆਫ਼ ਲਿਵਰਪੂਲ ਡਾਟਾ ਪ੍ਰੋਟੈਕਸ਼ਨ ਅਫ਼ਸਰ (University of Liverpool Data Protection Officer) ਨਾਲ ਸੰਪਰਕ ਕਰਕੇ legal@liverpool.ac.uk
- ਆਪਣੇ ਹਸਪਤਾਲ ਵਿਚ ਕਿਸੇ ਇਕ ਖੋਜ ਟੀਮ ਨੂੰ ਪੁੱਛ ਕੇ

## ਤਾਂ ਕੀ ਹੋਏਗਾ ਜੇ ਸਮੱਸਿਆ ਹੋਏ?

ਅਧਿਐਨ ਦੇ ਦੌਰਾਨ ਜਿਸ ਤਰੀਕੇ ਨਾਲ ਤੁਹਾਡੇ ਨਾਲ ਵਿਹਾਰ ਕੀਤਾ ਗਿਆ ਹੈ ਉਸ ਬਾਰੇ ਕੋਈ ਸ਼ਿਕਾਇਤ ਜਾਂ ਕੋਈ ਵੀ ਸੰਭਾਵੀ ਨੁਕਸਾਨ ਜਿਸਦਾ ਤੁਸੀਂ ਸਾਹਮਣਾ ਕਰ ਸਕਦੇ ਹੋ, ਨੂੰ ਵਿਚਾਰਿਆ ਜਾਵੇਗਾ। ਜੇ ਇਸ ਅਧਿਐਨ ਦੇ ਕਿਸੇ ਪੱਖ ਬਾਰੇ ਤੁਹਾਨੂੰ ਕਿਸੇ ਤਰ੍ਹਾਂ ਦੀ ਚਿੰਤਾ ਹੈ, ਤਾਂ ਤੁਹਾਨੂੰ ਤੁਹਾਡੀ ਖੋਜ ਟੀਮ ਵਿਚੋਂ ਕਿਸੇ ਇਕ ਨਾਲ ਗੱਲ ਕਰਨ ਦੀ ਮੰਗ ਕਰਨੀ ਚਾਹੀਦੀ ਹੈ, ਜੋ ਤੁਹਾਡੇ ਪ੍ਰਸ਼ਨਾਂ ਦਾ ਉੱਤਰ ਦੇਣ ਦੀ ਆਪਣੀ ਸਭ ਤੋਂ ਵਧੀਆ ਕੋਸ਼ਿਸ਼ ਕਰਨਗੇ।

ਜੇ ਤੁਸੀਂ ਨਾਖੁਸ਼ ਰਹਿੰਦੇ ਹੋ ਅਤੇ ਰਸਮੀ ਤੌਰ ’ਤੇ ਸ਼ਿਕਾਇਤ ਕਰਨੀ ਚਾਹੁੰਦੇ ਹੋ, ਤਾਂ ਤੁਸੀਂ ਸਥਾਨਕ ਐਨ ਐਚ ਐਸ ਪੇਸ਼ੈਂਟ ਅਡਵਾਇਸ ਐਂਡ ਲਾਇਜ਼ਨ ਸਰਵਿਸ (ਪੀ ਏ ਐਲ ਐਸ) (NHS Patient Advice and Liaison Service, PALS) ਨਾਲ ਸੰਪਰਕ ਕਰਕੇ ਅਜਿਹਾ ਕਰ ਸਕਦੇ ਹੋ। ਤੁਹਾਡੇ ਸਥਾਨਕ ਹਸਪਤਾਲ ਦੀ ਟੀਮ ਦੇ ਮੈਂਬਰ ਤੁਹਾਨੂੰ ਇਹ ਜਾਣਕਾਰੀ ਪ੍ਰਦਾਨ ਕਰਨ ਦੇ ਸਮਰਥ ਹੋਣੇ ਚਾਹੀਦੇ ਹਨ। ਇਸ ਕਲੀਨਿਕਲ ਅਧਿਐਨ ਦੇ ਦੌਰਾਨ ਹਰ ਤਰ੍ਹਾਂ ਦਾ ਧਿਆਨ ਰੱਖਿਆ ਜਾਵੇਗਾ। ਵੈਸੇ, ਉਸ ਅਸੰਭਵ ਹਾਲਤ ਵਿੱਚ ਜਦੋਂ ਕਿ ਇਸ ਖੋਜ ਪ੍ਰੋਜੈਕਟ ਵਿਚ ਭਾਗ ਲੈਣ ਕਾਰਨ ਤੁਹਾਨੂੰ ਨੁਕਸਾਨ ਹੁੰਦਾ ਹੈ,
ਅਤੇ ਇਹ ਕਿਸੇ ਦੀ ਅਣਗਹਿਲੀ ਕਰਕੇ ਹੁੰਦਾ ਹੈ ਤਾਂ ਤੁਹਾਡੇ ਕੋਲ ਉਸ ਐਨ ਐਚ ਐਸ ਟਰੱਸਟ (NHS Trust) ਜਿੱਥੇ ਕਿ ਤੁਹਾਡਾ ਇਲਾਜ ਕੀਤਾ ਜਾ ਰਿਹਾ ਹੈ, ਦੇ ਵਿਰੁੱਧ ਮੁਆਵਜ਼ੇ ਲਈ ਕਾਨੂੰਨੀ ਕਾਰਵਾਈ ਕਰਨ ਦੇ ਆਧਾਰ ਹੋ ਸਕਦੇ ਹਨ, ਪਰ ਤੁਹਾਨੂੰ ਆਪਣੀਆਂ ਕਾਨੂੰਨੀ ਲਾਗਤਾਂ ਦਾ ਭੁਗਤਾਨ ਕਰਨਾ ਪੈ ਸਕਦਾ ਹੈ। ਨੈਸ਼ਨਲ ਹੈਲਥ ਸਰਵਿਸ (National Health Service) ਦੀ ਸ਼ਿਕਾਇਤ ਕਰਨ ਦੀਆਂ ਆਮ ਪ੍ਰਕਿਰਾਵਾਂ ਤੁਹਾਡੇ ਲਈ ਉਪਲਬੱਧ ਹੋਣੀਆਂ ਚਾਹੀਦੀਆਂ ਹਨ।

ਐਨ ਐਚ ਐਸ ਕਲੀਨਿਕਲ ਨੈਗਲੀਜੈਂਸ ਸਕੀਮ ਫਾਰ ਟਰੱਸਟਜ਼ (NHS Clinical Negligence Scheme for Trusts) ਦੇ ਮੈਂਬਰ ਵੱਜੋਂ ਕੈਂਬਰਿਜ ਯੂਨੀਵਰਸਿਟੀ ਹਾਸਪੀਟਲਜ਼ ਐਨ ਐਚ ਐਸ ਫਾਊਂਡੇਸ਼ਨ ਟਰੱਸਟ (Cambridge University Hospitals NHS Foundation Trust), ਇਸਦੇ ਕਰਮਚਾਰੀਆਂ ਅਤੇ ਆਨਰੇਰੀ ਕੰਟਰੈਕਟ ਧਾਰਕਾਂ ਦੀ ਅਣਗਹਿਲੀ ਦੇ ਕਾਰਨ ਕਲੀਨਿਕਲ ਟਰਾਇਲ ਵਿਚ ਪ੍ਰਤੀਭਾਗੀਆਂ ਨੂੰ ਹੋਏ ਨੁਕਸਾਨ ਲਈ ਪੂਰੀ ਵਿੱਤੀ ਦੇਣਦਾਰੀ ਨੂੰ ਸਵੀਕਾਰ ਕਰੇਗਾ।

ਪ੍ਰੋਟੋਕੋਲ ਦੇ ਡਿਜ਼ਾਇਨ ਦੇ ਨਤੀਜਤਨ ਹੋਇਆ ਅਣਗਹਿਲੀ ਵਾਲਾ ਨੁਕਸਾਨ ਅਤੇ ਕਲੀਨਿਕਲ ਟਰਾਇਲ ਵਿਚ ਭਾਗੀਦਾਰੀ ਦੇ ਕਾਰਨ ਗੈਰ-ਅਣਗਹਿਲੀ ਵਾਲੇ ਨੁਕਸਾਨ ਲਈ ਯੂਨੀਵਰਸਿਟੀ ਆਫ਼ ਕੈਂਬਰਿਜ (University of Cambridge) ਬੀਮੇ ਦਾ ਪ੍ਰਬੰਧ ਕਰੇਗੀ। ਜੇ ਤੁਸੀਂ ਮੰਨਦੇ ਹੋ ਕਿ ਇਸ ਅਧਿਐਨ ਵਿਚ ਭਾਗ ਲੈਣ ਕਾਰਨ ਮਰੀਜ਼ ਦਾ ਨੁਕਸਾਨ ਹੋਇਆ ਹੈ ਤਾਂ ਤੁਹਾਨੂੰ ਸਭ ਤੋਂ ਪਹਿਲਾਂ,
ਇਸ ਜਾਣਕਾਰੀ ਸ਼ੀਟ ਦੇ ਪੰਨਾ 1 ਉੱਪਰ ਦਿੱਤੇ ਸੰਪਰਕ ਵੇਰਵਿਆਂ ਦੇ ਰਾਹੀਂ ਖੋਜ ਟੀਮ ਨਾਲ ਆਪਣੇ ਹਸਪਤਾਲ ਵਿਚ ਸੰਪਰਕ ਕਰਨਾ ਚਾਹੀਦਾ ਹੈ।

ਤੁਹਾਡਾ ਹਸਪਤਾਲ ਜਿੱਥੇ ਤੁਸੀਂ ਆਪਣਾ ਇਲਾਜ ਪ੍ਰਾਪਤ ਕਰਦੇ ਹੋ, ਤੁਹਾਡੀ ਦੇਖਭਾਲ ਕਰਨਾ ਉਸਦਾ ਕਰਤੱਵ ਹੈ ਚਾਹੇ ਤੁਸੀਂ ਅਧਿਐਨ ਵਿਚ ਭਾਗ ਲੈਣ ਲਈ ਸਹਿਮਤ ਹੋਵੋ ਜਾਂ ਨਾ ਹੋਵੋ, ਅਤੇ ਅਧਿਐਨ ਦਾ ਪ੍ਰਾਯੋਜਕ ਤੁਹਾਡੇ ਹਸਪਤਾਲ ਦੇ ਕਰਮਚਾਰੀਆਂ ਦੀ ਅਣਗਹਿਲੀ ਲਈ ਕਿਸੇ ਤਰ੍ਹਾਂ ਦੀ ਜ਼ਿੰਮੇਵਾਰੀ ਨੂੰ ਸਵੀਕਾਰ ਨਹੀਂ ਕਰਦਾ ਹੈ।

ਜੇ ਤੁਹਾਨੂੰ ਆਪਣੀ ਭਲਾਈ ਬਾਰੇ ਚਿੰਤਾਵਾਂ ਹਨ ਤਾਂ ਤੁਹਾਨੂੰ ਆਪਣੇ ਹਸਪਤਾਲ ਤੋਂ ਜਾਣ ਤੋਂ ਪਹਿਲਾਂ ਆਪਣੀ ਕਲੀਨਿਕਲ ਟੀਮ ਦੇ ਕਿਸੇ ਮੈਂਬਰ ਨਾਲ ਗੱਲ ਕਰਨੀ ਚਾਹੀਦੀ ਹੈ। ਇਕ ਵਾਰ ਘਰ ਪਹੁੰਚਣ ’ਤੇ ਆਪਣੇ ਜੀ ਪੀ (GP) ਨਾਲ ਸੰਪਰਕ ਕਰੋ ਜਾਂ 111 ਨੂੰ ਕਾੱਲ ਕਰੋ। ਤੁਹਾਡੇ ਦੁਆਰਾ ਕੋਵਿਡ-19 ਨਾਲ ਬਿਮਾਰ ਹੋਣ ਤੋਂ ਬਾਅਦ ਪ੍ਰਾਪਤ ਕੀਤੀ ਜਾ ਸਕਣ ਵਾਲੀ ਸਹਾਇਤਾ ਅਤੇ ਸਲਾਹ ਸਾਡੀ ਵੈਬਸਾਇਟ (www.heal-covid.net) ’ਤੇ ਦੇਖੀ ਜਾ ਸਕਦੀ ਹੈ।

ਅਧਿਐਨ ਨੂੰ ਨੈਸ਼ਨਲ ਇੰਸਟੀਚਿਊਟ ਫਾਰ ਹੈਲਥ ਰਿਸਰਚ (ਐਨ ਆਈ ਐਚ ਆਰ (NIHR); ਹਵਾਲਗੀ NIHR133788) ਅਤੇ ਐਨ ਆਈ ਐਚ ਆਰ ਕੈਂਬਰਿਜ ਬਾਇਓਮੈਡੀਕਲ ਰਿਸਰਚ ਸੈਂਟਰ (NIHR Cambridge Biomedical Research Centre) ਦੁਆਰਾ ਫੰਡ ਦਿੱਤੇ ਗਏ ਹਨ। ਪ੍ਰਗਟ ਕੀਤੇ ਗਏ ਵਿਚਾਰ ਲੇਖਕਾਂ ਦੇ ਹਨ ਅਤੇ ਜ਼ਰੂਰੀ ਨਹੀਂ ਹਨ ਕਿ ਐਨ ਆਈ ਐਚ ਆਰ (NIHR) ਜਾਂ ਡਿਪਰਾਟਮੈਂਟ ਆਫ਼ ਹੈਲਥ ਐਂਡ ਸੋਸ਼ਲ ਕੇਅਰ (Department of Health and Social Care) ਦੇ ਵੀ ਇਹੀ ਵਿਚਾਰ ਹੋਣ।

**ਇਸ ਜਾਣਕਾਰੀ ਸ਼ੀਟ ਨੂੰ ਪੜ੍ਹਨ ਅਤੇ ਵਿਚਾਰਨ ਲਈ ਸਮਾਂ ਦੇਣ ਲਈ ਤੁਹਾਡਾ ਧੰਨਵਾਦ। ਜੇ ਤੁਸੀਂ ਅਧਿਐਨ ਵਿਚ ਭਾਗ ਲੈਣ ਲਈ ਸਹਿਮਤ ਹੁੰਦੇ ਹੋ, ਤਾਂ ਤੁਹਾਨੂੰ ਰੱਖਣ ਦੇ ਲਈ ਜਾਣਕਾਰੀ ਸ਼ੀਟ ਅਤੇ ਦਸਤਖਤ ਕੀਤੇ ਸਹਿਮਤੀ ਫਾਰਮ ਦੀ ਇਕ ਕਾਪੀ ਦਿੱਤੀ ਜਾਵੇਗੀ।**

HEAL-COVID

*ਕੇਵਲ ਸਾਇਟ ਦੀ ਵਰਤੋਂ ਲਈ:*

# ਸਹਿਮਤੀ ਫਾਰਮ

| | | | |
|---|---|---|---|
| ਸਾਇਟ ਦਾ ਨਾਮ (ਵੱਡੇ ਅੱਖਰ ਵਰਤੋ): | | | |
| ਪ੍ਰਤੀਭਾਗੀ ਬੇਤਰਤੀਬਪਨ ਨੰਬਰ | | | |
| ਪ੍ਰਤੀਭਾਗੀ ਦੇ ਦਸਤਖਤ: | | ਪ੍ਰਤੀਭਾਗੀ ਦੀ ਜਨਮ ਤਾਰੀਖ਼: | / / |

***ਪ੍ਰਤੀਭਾਗੀ ਦੁਆਰਾ ਭਰੇ ਜਾਣ ਲਈ:***

ਤੁਹਾਡੇ ਦੁਆਰਾ ਹਰੇਕ ਬਿਆਨ ਨੂੰ ਪੜ੍ਹ ਲੈਣ ਅਤੇ ਸਮਝਣ ਦੇ ਬਾਅਦ ਕਿਰਪਾ ਕਰਕੇ ਹਰੇਕ ਬਕਸੇ ਵਿਚ ਆਪਣੇ ਸੰਖੇਪ ਦਸਤਖਤ ਕਰੋ। ਦਸਤਖਤ

1. ਮੈਂ ਇਸ ਅਧਿਐਨ ਲਈ ਜਾਣਕਾਰੀ ਸ਼ੀਟ ਨੂੰ ਪੜ੍ਹ ਅਤੇ ਸਮਝ ਲਿਆ ਹੈ। ਮੈਨੂੰ ਪ੍ਰਸ਼ਨ ਪੁੱਛਣ ਦਾ ਮੌਕਾ ਮਿਲਿਆ ਸੀ ਅਤੇ ਇਨ੍ਹਾਂ ਪ੍ਰਸ਼ਨ ਦੇ ਸੰਤੋਸ਼ਜਨਕ ਉੱਤਰ ਦਿੱਤੇ ਗਏ ਹਨ।
2. ਮੈਂ ਸਮਝਦਾ/ਦੀ ਹਾਂ ਕਿ ਸ਼ਮੂਲੀਅਤ ਇੱਛੁਕ ਹੈ ਅਤੇ ਇਹ ਕਿ ਮੈਂ, ਮੇਰੀ ਚਿਕਿਤਸਕ ਦੇਖਭਾਲ ਜਾਂ ਕਾਨੂੰਨੀ ਅਧਿਕਾਰਾਂ ਨੂੰ ਪ੍ਰਭਾਵਿਤ ਕੀਤੇ ਬਿਨਾਂ ਕਿਸੇ ਵੀ ਸਮੇਂ ਅਧਿਐਨ ਵਿਚੋਂ ਹੱਟਣ ਲਈ ਆਜ਼ਾਦ ਹਾਂ। ਵੈਸੇ, ਅਧਿਐਨ ਟੀਮ ਨੂੰ ਸੁਰੱਖਿਆ ਕਾਰਨਾਂ ਕਰਕੇ ਕੁਝ ਸੀਮਤ ਜਾਣਕਾਰੀ ਇਕੱਤਰ ਕਰਨ ਦੀ ਜ਼ਰੂਰਤ ਪੈ ਸਕਦੀ ਹੈ।
3. ਮੈਂ ਸਮਝਦਾ/ਦੀ ਹਾਂ ਕਿ ਮੇਰੇ ਮੈਡੀਕਲ ਨੋਟਸ ਨਾਲ ਸਬੰਧਤ ਮਹੱਤਵਪੂਰਨ ਭਾਗ ਅਤੇ ਅਧਿਐਨ ਦੇ ਦੌਰਾਨ ਇਕੱਤਰ ਕੀਤਾ ਗਿਆ ਕਿਸੇ ਤਰ੍ਹਾਂ ਦਾ ਡਾਟਾ ਨੂੰ ਕੇਂਦਰੀ ਅਧਿਐਨ ਟੀਮ ਅਤੇ ਪ੍ਰਾਯੋਜਕ, ਰੇਗੂਲੇਟਰੀ ਅਥਾਰਟੀਆਂ ਅਤੇ ਸਥਾਨਕ ਐਨ ਐਚ ਐਸ ਟਰੱਸਟ (NHS Trust) ਨਾਲ ਸਬੰਧਤ ਅਧੀਕ੍ਰਿਤ ਵਿਅਕਤੀਆਂ ਦੁਆਰਾ ਦੇਖਿਆ ਜਾ ਸਕਦਾ ਹੈ। ਮੈਂ ਇਨ੍ਹਾਂ ਵਿਅਕਤੀਆਂ ਨੂੰ ਮੇਰੇ ਰਿਕਾਰਡਾਂ ਅਤੇ ਡਾਟਾ ਤੱਕ ਪਹੁੰਚ ਕਰਨ ਦੀ ਆਗਿਆ ਦਿੰਦਾ/ਦੀ ਹਾਂ।
4. ਮੈਂ, ਐਨ ਐਚ ਐਸ ਡਿਜੀਟਲ (NHS Digital), ਸਕਾਟਲੈਂਡ, ਵੇਲਜ਼ ਅਤੇ ਉੱਤਰੀ ਆਇਰਲੈਂਡ ਵਿਚ ਬਰਾਬਰ ਦੇ ਸੰਗਠਨਾਂ ਜਾਂ ਉਨ੍ਹਾਂ ਦੇ ਉੱਤਰਧਿਕਾਰੀਆਂ ਦੁਆਰਾ ਰੱਖੇ ਗਏ ਮੇਰੇ ਡਾਟਾ ਨੂੰ ਲਿਵਰਪੂਲ ਕਲੀਨਿਕਲ ਟਰਾਇਲਜ਼ ਸੈਂਟਰ (ਐਸ ਸੀ ਟੀ ਸੀ) ਦੁਆਰਾ ਪ੍ਰਾਪਤ ਕੀਤੇ ਜਾਣ ਅਤੇ ਇਸ ਅਧਿਐਨ ਵਿਚ ਵਰਤੇ ਜਾਣ ਲਈ ਬੈਂਗੋਰ ਯੂਨੀਵਰਸਿਟੀ ਨਾਲ ਸਾਂਝਾ ਕਰਨ ਲਈ ਸਹਿਮਤੀ ਦਿੰਦਾ/ਦੀ ਹਾਂ। ਮੈਂ ਸਮਝਦਾ/ਦੀ ਹਾਂ ਕਿ ਐਨ ਐਚ ਐਸ ਡਿਜੀਟਲ (NHS Digital) ਅਤੇ ਉਨ੍ਹਾਂ ਦੇ ਬਰਾਬਰ ਦੀਆਂ ਸੰਸਥਾਵਾਂ ਦੁਆਰਾ ਰੱਖੇ ਗਏ ਰਿਕਾਰਡਾਂ ਨੂੰ ਮੇਰੀ ਦੀਰਘ-ਕਾਲੀਨ ਸਿਹਤ ਹਾਲਤ ਬਾਰੇ ਫਾਲੋ-ਅੱਪ ਕਰਨ ਲਈ ਵਰਤਿਆ ਜਾ ਸਕਦਾ ਹੈ।
5. ਮੈਂ, ਇਸ ਅਧਿਐਨ ਨਾਲ ਸਬੰਧਤ ਮੇਰੇ ਵੇਰਵਿਆਂ ਅਤੇ ਡਾਟਾ ਨੂੰ ਹੋਰ ਸਰੋਤਾਂ ਨਾਲ ਜੋੜੇ ਜਾਣ ਲਈ ਸਹਿਮਤ ਹਾਂ, ਇਸ ਵਿਚ ਖੋਜ ਦੇ ਮਕਸਦਾਂ ਲਈ ਹੋਰ ਕਲੀਨਿਕਲ ਟਰਾਇਲਾਂ ਤੋਂ ਪ੍ਰਾਪਤ ਡਾਟਾ ਵੀ ਸ਼ਾਮਲ ਹੈ।
6. ਮੈਂ ਸਮਝਦਾ/ਦੀ ਹਾਂ ਕਿ ਮੇਰਾ ਡਾਟਾ ਜਿਸ ਵਿਚ ਮੇਰੀ ਪਛਾਣ ਦੀ ਜਾਣਕਾਰੀ ਸ਼ਾਮਲ ਹੈ, ਨੂੰ ਐਲ ਸੀ ਟੀ ਸੀ (LCTC), ਯੂਨੀਵਰਸਿਟੀ ਆਫ਼ ਲਿਵਰਪੂਲ ਅਤੇ ਮੇਰੇ ਹਸਪਤਾਲ ਦੁਆਰਾ ਅਧਿਐਨ ਦੀ ਸਮਾਪਤੀ ਤੋਂ ਬਾਅਦ 10 ਸਾਲ ਲਈ ਗੁਪਤ ਤਰੀਕੇ ਨਾਲ ਰੱਖਿਆ ਜਾਵੇਗਾ। ਮੈਂ ਸਮਝਦਾ/ਦੀ ਹਾਂ ਕਿ ਬੈਂਗੋਰ ਯੂਨੀਵਰਸਿਟੀ ਦੁਆਰਾ ਰੱਖੇ ਗਏ ਡਾਟਾ ਦੇ ਵਿਚ ਸਿੱਧੇ ਤੌਰ 'ਤੇ ਪਛਾਣ ਜ਼ਾਹਰ ਕਰਦਾ ਡਾਟਾ ਨਹੀਂ ਹੈ ਅਤੇ ਇਸਨੂੰ ਅਧਿਐਨ ਦੀ ਸਮਾਪਤੀ ਤੋਂ ਬਾਅਦ 10 ਸਾਲ ਤੱਕ ਗੁਪਤ ਤਰੀਕੇ ਨਾਲ ਰੱਖਿਆ ਜਾਵੇਗਾ।

**8. ਮੈਂ ਉਪਰੋਕਤ ਬਿਆਨਾਂ ਨਾਲ ਸਹਿਮਤ ਹੁੰਦਾ/ਦੀ ਹਾਂ ਅਤੇ ਅਧਿਐਨ ਵਿਚ ਭਾਗ ਲੈਣਾ ਚਾਹਵਾਂਗਾ/ਗੀ।**

ਹੇਠਾਂ ਦਿੱਤੇ ਗਏ ਬਿਆਨ ਵਿਕਲਪਕ ਹਨ (ਜੇ ਤੁਸੀਂ ਇਨ੍ਹਾਂ ਨਾਲ ਸਹਿਮਤ ਹੋਣ ਦੀ ਇੱਛਾ ਨਹੀਂ ਰੱਖਦੇ, ਤੁਸੀਂ ਤਾਂ ਵੀ ਅਧਿਐਨ ਵਿਚ ਭਾਗ ਲੈਣ ਲਈ ਸਹਿਮਤ ਹੋ

7. ਮੈਂ ਮੇਰੀ ਸ਼ਮੂਲੀਅਤ ਬਾਰੇ ਮੇਰੇ ਜੀ ਪੀ (GP) ਨੂੰ ਸੂਚਿਤ ਕੀਤੇ ਜਾਣ ਲਈ ਸਹਿਮਤ ਹਾਂ।

9. ਮੈਂ ਹਸਪਤਾਲ ਵਿਚ ਮੇਰੇ ਦਾਖਲੇ ਦੇ ਬਾਅਦ ਮੇਰੀ ਸਿਹਤ ਅਤੇ ਭਲਾਈ ਬਾਰੇ ਫਾਲੋ-ਅੱਪ ਪ੍ਰਸ਼ਨੋਤਰੀਆਂ ਨੂੰ ਪੂਰਾ ਕਰਨ ਲਈ ਸਹਿਮਤ ਹਾਂ। ਮੈਂ ਸਮਝਦਾ/ਦੀ ਹਾਂ ਕਿ ਉਹ ਪ੍ਰਸ਼ਨੋਤਰੀਆਂ ਜਿਨ੍ਹਾਂ ਨੂੰ ਮੈਂ ਪੂਰਾ ਕਰਾਂਗਾ/ਗੀ ਉਨ੍ਹਾਂ ਨੂੰ ਮੇਰੀ ਦੇਖਭਾਲ ਨੂੰ ਸਿੱਧੇ ਸੂਚਿਤ ਕਰਨ ਲਈ ਨਹੀਂ ਵਰਤਿਆ ਜਾਵੇਗਾ।

ਮੈਂ ਇਨ੍ਹਾਂ ਪ੍ਰਸ਼ਨੋਤਰੀਆਂ ਨੂੰ ਪੂਰਾ ਕਰਨਾ ਚਾਹਵਾਂਗਾ/ਗੀ *(ਕਿਰਪਾ ਕਰਕੇ ਆਪਣੇ ਪਸੰਦੀਦਾ ਵਿਕਲਪ 'ਤੇ ਦਸਤਖਤ ਕਰੋ):*

ਮੇਰੇ ਫ਼ੋਨ ਜਾਂ ਟੇਬਲੈਟ ਉੱਪਰ ਅਧਿਐਨ ਐਪ (Atom5™) ਨੂੰ ਡਾਊਨਲੋਡ ਕਰਕੇ

ਜੇ ਤੁਸੀਂ ਐਪ ਦੇ ਰਾਹੀਂ ਭਾਗ ਲੈਣਾ ਪਸੰਦ ਕਰੋਗੇ ਤਾਂ ਕਿਰਪਾ ਕਰਕੇ ਹੇਠਾਂ ਆਪਣਾ ਈਮੇਲ ਪਤਾ ਪ੍ਰਦਾਨ ਕਰੋ:

| | |
|---|---|
| ਈਮੇਲ ਪਤਾ: | |

ਫ਼ੋਨ ਉੱਪਰ ਉੱਤਰ ਦਿੱਤੇ ਜਾਣ ਲਈ ਕਿਸੇ ਨਰਸ ਜਾਂ ਖੋਜਾਰਥੀ ਦੁਆਰਾ ਫ਼ੋਨ ਕੀਤਾ ਜਾਣਾ

ਜੇ ਤੁਸੀਂ ਫ਼ੋਨ ਦੇ ਰਾਹੀਂ ਭਾਗ ਲੈਣਾ ਪਸੰਦ ਕਰੋਗੇ ਤਾਂ ਕਿਰਪਾ ਕਰਕੇ ਹੇਠਾਂ ਆਪਣਾ ਫ਼ੋਨ ਨੰਬਰ ਪ੍ਰਦਾਨ ਕਰੋ:

| | |
|---|---|
| ਟੈਲੀਫ਼ੋਨ ਨੰਬਰ: | |

10. ਮੈਂ ਹੀਲ-ਕੋਵਿਡ ਦੇ ਬਾਰੇ ਨਿਊਜ਼ਲੈਟਰ ਜਾਂ ਅਪਡੇਟਜ਼ ਪ੍ਰਾਪਤ ਕਰਨੇ ਚਾਹਵਾਂਗਾ/ਗੀ, ਇਨ੍ਹਾਂ ਵਿਚ ਅਧਿਐਨ ਦੀ ਸਮਾਪਤੀ 'ਤੇ ਪ੍ਰਾਪਤ ਹੋਣ ਵਾਲੇ ਨਤੀਜੇ ਸ਼ਾਮਲ ਹਨ
(ਜੇ ਤੁਸੀਂ ਇਸ ਬਿਆਨ ਨਾਲ ਸਹਿਮਤ ਹੋ ਤਾਂ ਹੇਠਾਂ ਆਪਣੇ ਵੇਰਵੇ ਪ੍ਰਦਾਨ ਕਰੋ।)

11. ਮੈਂ ਇਸ ਅਧਿਐਨ ਤੋਂ ਪ੍ਰਾਪਤ ਹੋਣ ਵਾਲੀ ਜਾਣਕਾਰੀ ਜਾਂ ਨਤੀਜਿਆਂ ਨੂੰ ਯੂ ਕੇ (UK) ਅਤੇ ਵਿਦੇਸ਼ ਦੀ ਭਵਿੱਖ ਦੀ ਸਿਹਤ ਦੇਖਭਾਲ ਅਤੇ/ਜਾਂ ਮੈਡੀਕਲ ਖੋਜ ਵਿਚ ਵਰਤੇ ਜਾਣ ਲਈਸਹਿਮਤ ਹਾਂ, ਬਸ਼ਰਤੇ ਮਰੀਜ਼ ਦੀ ਅਤੇ ਮੇਰੀ ਗੁਪਤਤਾ ਨੂੰ ਬਰਕਰਾਰ ਰੱਖਿਆ ਜਾਂਦਾ ਹੈ। ਮੈਂ ਸਮਝਦਾ/ਦੀ ਹਾਂ ਕਿ ਭਵਿੱਖ ਦੀ ਖੋਜ ਵਿਚ ਨਿੱਜੀ ਕੰਪਨੀਆਂ ਅਤੇ ਨਾਲ ਦੀ ਨਾਲ ਯੂਨੀਵਰਸਿਟੀਆਂ ਜਾਂ ਐਨ ਐਚ ਐਸ (NHS) ਸੰਗਠਨ ਸ਼ਾਮਲ ਹੋ ਸਕਦੇ ਹਨ।

HEAL-COVID

*ਕੇਵਲ ਸਾਇਟ ਦੀਂ ਵਰਤੋਂ ਲਈ:*

# ਸਹਿਮਤੀ ਫਾਰਮ

| | |
|---|---|
| ਸਾਇਟ ਦਾ ਨਾਮ (ਵੱਡੇ ਅੱਖਰ ਵਰਤੋ): | |
| ਪ੍ਰਤੀਭਾਗੀ ਬੇਤਰਤੀਬਪਨ ਨੰਬਰ | |
| ਪ੍ਰਤੀਭਾਗੀ ਦੇ ਦਸਤਖਤ: | ਪ੍ਰਤੀਭਾਗੀ ਦੀ ਜਨਮ ਤਾਰੀਖ: / / |

12. ਮੈਂ ਸਹਿਮਤ ਹਾਂ ਕਿ ਮੇਰੇ ਨਾਲ ਭਵਿੱਖ ਵਿਚ ਇਸ ਅਧਿਐਨ ਜਾਂ ਹੋਰ ਸਬੰਧਿਤ ਅਧਿਐਨਾਂ ਦੇ ਸਬੰਧ ਵਿਚ ਸੰਪਰਕ ਕੀਤਾ ਜਾ ਸਕਦਾ ਹੈ। (ਜੇ ਤੁਸੀਂ ਇਸ ਬਿਆਨ ਨਾਲ ਸਹਿਮਤ ਹੋ ਤਾਂ ਹੇਠਾਂ ਆਪਣੇ ਵੇਰਵੇ ਪ੍ਰਦਾਨ ਕਰੋ।)

| | | | |
|---|---|---|---|
| ਟੈਲੀਫ਼ੋਨ ਨੰਬਰ: | | | ਉਪਰੋਕਤ ਅਨੁਸਾਰ: ☐ |
| ਈਮੇਲ ਪਤਾ: | | | ਉਪਰੋਕਤ ਅਨੁਸਾਰ: ☐ |
| ਡਾਕ ਪਤਾ: | | | |

***ਪ੍ਰਤੀਭਾਗੀ ਦੁਆਰਾ ਭਰੇ ਜਾਣ ਲਈ:***

| | | | |
|---|---|---|---|
| ਤੁਹਾਡਾ ਪੂਰਾ ਨਾਮ (ਕਿਰਪਾ ਕਰਕੇ ਪੂਰਾ ਨਾਮ ਲਿਖੋ): | | | |
| ਤੁਹਾਡੇ ਦਸਤਖਤ: | | ਤਾਰੀਖ: | |

***ਖੋਜਾਰਥੀ ਦੁਆਰਾ ਪੂਰਾ ਕੀਤਾ ਜਾਵੇ (ਪ੍ਰਤੀਭਾਗੀ ਦੁਆਰਾ ਫਾਰਮ ਨੂੰ ਪੂਰਾ ਕਰਨ ਦੇ ਬਾਅਦ):***

| | | | |
|---|---|---|---|
| ਖੋਜਾਰਥੀ ਦਾ ਪੂਰਾ ਨਾਮ (ਕਿਰਪਾ ਕਰਕੇ ਪੂਰਾ ਨਾਮ ਲਿਖੋ) | | | |
| ਖੋਜਾਰਥੀ ਦੇ ਦਸਤਖਤ: | | ਤਾਰੀਖ: | |

***ਜੇ ਪ੍ਰਤੀਭਾਗੀ ਖੁਦ ਲਈ ਪੜ੍ਹ ਅਤੇ/ਜਾਂ ਦਸਤਖਤ ਨਹੀਂ ਕਰ ਸਕਦਾ, ਪਰ ਸਹਿਮਤੀ ਦੇਣ ਦੀ ਸਮਰੱਥਾ ਹੈ ਤਾਂ ਇਕ ਆਜ਼ਾਦਾਨਾ ਗਵਾਹ ਦੁਆਰਾ ਪੂਰਾ ਕੀਤਾ ਜਾਣਾ ਚਾਹੀਦਾ ਹੈ।***

ਮੈਂ ਸੰਭਾਵਿਤ ਪ੍ਰਤੀਭਾਗੀ ਦੇ ਕੋਲ ਮਰੀਜ਼ ਜਾਣਕਾਰੀ ਸ਼ੀਟ ਅਤੇ ਸਹਿਮਤ ਫਾਰਮ ਨੂੰ ਪੜ੍ਹੇ ਜਾਣ ਨੂੰ ਦੇਖਿਆ ਹੈ। ਉਨ੍ਹਾਂ ਨੂੰ ਪ੍ਰਸ਼ਨ ਪੁੱਛਣ ਦਾ ਮੌਕਾ ਮਿਲਿਆ ਹੈ, ਸਾਰੇ ਪ੍ਰਸ਼ਨਾਂ ਦੇ ਉੱਤਰ ਦਿੱਤੇ ਗਏ ਸਨ ਅਤੇ ਉਨ੍ਹਾਂ ਨੇ ਆਪਣੀ ਸਹਿਮਤੀ ਸੁਤੰਤਰਤਾ ਨਾਲ ਦਿੱਤੀ ਹੈ।

| | | | |
|---|---|---|---|
| ਗਵਾਹ ਦਾ ਪੂਰਾ ਨਾਮ (ਕਿਰਪਾ ਕਰਕੇ ਪੂਰਾ ਨਾਮ ਲਿਖੋ): | | ਤਾਰੀਖ: | |
| ਗਵਾਹ ਦੇ ਦਸਤਖਤ: | | | |
| ਪ੍ਰਤੀਭਾਗੀ ਦਾ ਪੂਰਾ ਨਾਮ (ਕਿਰਪਾ ਕਰਕੇ ਪੂਰਾ ਨਾਮ ਲਿਖੋ): | | | |

ਕਿਰਪਾ ਕਰਕੇ ਹੀਲ-ਕੋਵਿਡ ਨਿਰੀਖਕ ਸਾਇਟ ਫਾਇਲ ਦੇ ਵਿਚ ਮੂਲ ਗਿੱਲੀ-ਸਿਆਹੀ ਵਾਲੀ ਕਾਪੀ ਰੱਖੋ ਅਤੇ ਦੋ ਨਕਲਾਂ ਤਿਆਰ ਕਰੋ; ਇਕ ਪ੍ਰਤੀਭਾਗੀ ਲਈ ਅਤੇ ਇਕ ਕਾਪੀ ਮੈਡੀਕਲ ਨੋਟਸ ਲਈ।